# ਦਬਾਉ ਤੋਂ ਮੁਕਤ ਹੋਣਾ

ਭਾਈ ਰੂਡਲ, ਤੁਹਾਡਾ ਧੰਨਵਾਦ । ਮੈਂ ਇਹ ਜਾਣ ਕੇ ਬਹੁਤ ਖੁਸ਼ ਹਾਂ ਕਿ ਸੁਸ਼ਮਾਚਾਰ ਵਿੱਚ ਮੇਰਾ ਇੱਕ ਪੁੱਤ੍ਰ ਹੈ । [ਇੱਕ ਭਾਈ ਕੁਝ ਕਹਿੰਦਾ ਹੈ—ਸੰਪਾਦਕ] ਹਾਂ । ਅੱਛਾ, ਠੀਕ ਹੈ । ਇਹ ਚੰਗਾ ਹੈ । ਹਾਂ, ਮੈਂ ਯਕੀਨਨ ਭਾਈ ਰੁੱਡਲ ਦੀ ਸਲਾਹੁਤ ਕਰਦਾ ਹਾਂ । ਅਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਪੌਲੂਸ ਦੇ ਕੋਲ ਇੱਕ ਵਾਰ ਇੱਕ ਪੁੱਤ੍ਰ ਸੀ ਜੋ ਤਿਮੋਥੀਅਸ ਅਖਵਾਉਂਦਾ ਸੀ । ਉਹਨੇ ਉਸਨੂੰ ਸੁਸਮਾਚਾਰ ਵਿੱਚ ਪੁੱਤ੍ਰ ਕਿਹਾ ।

2 ਅਤੇ ਮੈਨੂੰ ਪੱਕਾ ਯਕੀਨ ਨਹੀਂ ਹੈ, ਇਹ ਫਲੋਸੀ ਫੋਰਡ ਹੋਇਆ ਕਰਦੀ ਸੀ? [ਭੈਣ ਫਲੋਸੀ ਕਹਿੰਦੀ ਹੈ, "ਹਾਂ" —ਸੰਪਾਦਕ] ਹੇ ਪਰਮੇਸ਼ੁਰ! ਫਲੋਸੀ, ਮੈਂ...ਬਹੁਤ ਲਮਾਂ ਸਮਾਂ ਬੀਤ ਚੁੱਕਾ ਹੈ । ਹਾਂ, ਬਹੁਤ ਲਮਾਂ ਸਮਾਂ ਬੀਤ ਗਿਆ ਹੈ । ਮੈਂਨੂੰ ਯਾਦ ਹੈ ਜਦੋਂ ਮੈਂ ਇੱਕ ਮੁੰਡਾ ਹੀ ਸੀ ਤਾਂ ਉਹਦਾ ਭਰਾ ਲੋਏਡ ਅਤੇ ਮੈਂ ਅਕਸਰ ਇੱਕਠੇ ਚੁਫੇਰੇ ਦੋੜਿਆ ਫਿਰਿਆ ਕਰਦੇ ਸੀ । ਤੁਸੀਂ ਜਾਣਦੇ ਹੋ, ਉਹ ਅਕਸਰ ਵੱਡੇ ਵੱਡੇ ਕੇਕ ਬਣਾਇਆ ਕਰਦੀ ਸੀ ਅਤੇ ਅਸੀਂ ਉਥੇ ਜਾ ਕੇ ਤੱਦ ਤੱਕ ਖਾਂਦੇ ਰਹਿੰਦੇ ਸੀ ਜੱਦ ਤੱਕ ਇਹਦੇ ਨਾਲ ਬੀਮਾਰ ਨਹੀਂ ਸੀ ਹੋ ਜਾਂਦੇ ।

3 ਮੈਨੂੰ ਯਾਦ ਹੈ ਇੱਕ ਵਾਰ ਉਹਨਾਂ ਨੇ ਮੈਨੂੰ ਬੁਲਾਇਆ, ਲੋਏਡ ਨੇ ਬੁਲਾਇਆ ਸੀ । ਅਤੇ ਅਸੀਂ...ਫਲੋਸੀ ਨੇ ਕੇਕ ਬਣਾਇਆ । ਉਹ ਉਦੋਂ ਇੱਕ ਬਚੀ ਹੀ ਸੀ । ਉਹਨੇ ਇੱਕ ਵੱਡਾ ਸਾਰਾ ਕੇਕ ਬਣਾਇਆ ਅਤੇ ਅਸੀਂ ਇਹਨੂੰ ਤੱਦ ਤਕ ਖਾਧਾ ਜੱਦ ਤੱਕ ਅਸੀਂ ਇਹਨੂੰ ਹੋਰ ਖਾ ਨਾ ਸਕੇ । ਮੈਂ ਸੋਚਿਆ, "ਹੁਣ, ਮੈਂ ਸਾਰੀ ਰਾਤ ਲੋਏਡ ਦੇ ਨਾਲ ਹੀ ਰੁਕਾਂਗਾ" । ਇਕ ਤਰਾਂ ਹਨੇਰਾ ਜਿਹਾ ਹੋ ਰਿਹਾ ਸੀ, ਤੁਸੀਂ ਜਾਣਦੇ ਹੋ ਅਤੇ ਮੈਨੂੰ ਲਗਾ ਕਿ ਮੈਨੂੰ ਘਰ ਜਾਣਾ ਚਾਹੀਦਾ ਹੈ । ਇਸ ਲਈ ਮੈਂ ਉਠਿਆ ਅਤੇ ਸੜਕ ਉੱਤੇ ਦੋੜਨ ਲਗਾ ਅਤੇ ਇਸ ਡਰ ਨਾਲ ਘਰ ਜਾਣ ਦੀ ਕੋਸ਼ਿਸ ਕਰ ਰਿਹਾ ਸੀ ਕਿ ਕਿਤੇ ਮਰ ਹੀ ਨਾ ਜਾਵਾਂ ।

4 ਅਤੇ ਮੈਂਨੂੰ ਉਹਦੇ ਪਿਤਾ ਬਾਰੇ ਯਾਦ ਹੈ । ਮੇਰਾ ਅੰਦਾਜਾ ਹੈ ਕਿ ਤੁਹਾਡੀ ਮਾਂ ਅਜੇ ਵੀ ਜਿਉਂਦੀ ਹੈ । ਅੱਛਾ, ਇਹ ਬਹੁਤ ਵਧੀਆ ਹੈ । ਅਤੇ ਉਦੋਂ ਤੋਂ ਲੈ ਕੇ ਹੁਣ ਤੱਕ ਬਹੁਤ ਲਮਾਂ ਸਮਾਂ ਬੀਤ ਗਿਆ ਹੈ । ਹਾਂ । ਹੁਣ ਇਥੇ ਅਸੀਂ ਦੋਵੇਂ ਅੱਧਖੜ ਉਮਰ ਦੇ ਲੋਕ ਹਾਂ ਅਤੇ ਦਾਦਾ ਦਾਦੀ ਬਣ ਚੁਕੇ ਹਾਂ । ਅੱਛਾ, ਪਰ ਇੱਕ ਜਗ੍ਹਾ ਹੈ ਜਿਥੇ ਅਸੀਂ ਕਦੇ ਵੀ ਬੂੜ੍ਹੇ ਨਹੀਂ ਹੋਵਾਂਗੇ । ਸਮਝੇ? ਫਲੋਸੀ, ਮੈਨੂੰ

ਇਹ ਜਾਣ ਕੇ ਬਹੁਤ ਖੁਸ਼ੀ ਹੈ ਕਿ ਤੂੰ ਉਸ ਜਗ੍ਹਾ ਦੀ ਵਲ ਵੇਖ ਰਹੀ ਹਾਂ ਅਤੇ ਉਸ ਯਕੀਨ ਨਾਲ ਕਿ ਤੂੰ ਉਹ ਨੂੰ ਪਾ ਲਵੇਂਗੀ ।

5 ਅਤੇ ਜਿਮ, ਜਿਮ ਦਾ ਕੀ ਹਾਲ ਹੈ? ਕੀ ਉਹ…ਹਾਂ, ਮੈਨੂੰ ਇਹ ਯਾਦ ਹੈ । ਜਿਮ ਉਹਦਾ ਪਤੀ ਹੈ । ਅਤੇ ਮੈਨੂੰ ਉਹ ਚੰਗੀ ਤਰ੍ਹਾਂ ਯਾਦ ਹੈ । ਅਤੇ ਮੈਂ ਕੁਝ ਬੱਚਿਆਂ ਨੂੰ ਵੀ ਜਾਣਦਾ ਹਾਂ । ਉਸ ਸਮੇਂ ਜਦੋਂ ਉਹਨਾਂ ਦਾ ਵਿਆਹ ਹੋਇਆ ਅਤੇ ਉਹਨਾਂ ਦੇ ਬੱਚੇ ਵੱਡੇ ਹੋ ਰਹੇ ਸਨ ਤਦ ਮੈਨੂੰ ਸੇਵਕਾਈ ਵਿੱਚ ਜਾਣਾ ਪਿਆ । ਅਤੇ ਅਸੀਂ ਇੱਕ ਤਰ੍ਹਾਂ ਇੱਕ ਦੂਜੇ ਕੋਲੋਂ ਦੂਰ ਹੋ ਗਏ ।

6 ਮੈਂ ਭਾਈ ਲੋਏਡ ਨੂੰ ਕਦੇ ਕਦੇ ਗਲੀ ਵਿੱਚ ਵਿੱਚ ਵੇਖਦਾ ਹਾਂ ਤੇ ਉਸ ਨੂੰ ਉਚੀ ਆਵਾਜ ਦੇ ਕੇ ਬੁਲਾਉਂਦਾ ਹਾਂ । ਉਹਨਾਂ ਨੇ ਬਹੁਤ ਵਾਰ ਮੇਰੇ ਲਈ ਖਾਣਾ ਬਣਾਇਆ ਹੈ । ਅਤੇ ਮੈਂ…ਉਹ ਮੇਰੇ ਲਈ ਸੱਕੇ ਭੈਣ ਭਰਾਵਾਂ ਵਾਂਗ ਹਨ ।

7 ਹੁਣ, ਮੈਨੂੰ ਇਹ ਵੇਖ ਕੇ ਖੁਸ਼ੀ ਹੈ ਕਿ ਭਾਈ ਰੁਡਲ ਦੀ ਸ਼ੁਰੁਆਤ ਵਿੱਚ ਪਹਿਲੀ ਕੋਸ਼ਿਸ ਇਹ ਸੀ ਕਿ ਇਸ ਜਗ੍ਹਾ ਨੂੰ ਇੱਕ ਸਰਾਂ ਤੋਂ ਪਰਮੇਸ਼ੁਰ ਦੇ ਘਰ ਵਿੱਚ ਬਦਲਿਆ ਜਾਵੇ । ਇਹ ਬਹੁਤ ਹੀ ਚੰਗੀ ਗਲ ਹੈ ।

8 ਅਤੇ, ਬੇਸ਼ੱਕ, ਤੁਸੀਂ ਜਾਣਦੇ ਹੋ, ਕਦੇ ਕਦੇ ਜੇ ਤੁਸੀਂ ਕਿਸੇ ਚੀਜ ਨੂੰ ਪਹਿਲਾਂ ਤੂੰ ਵੇਖ ਸਕਦੇ ਹੋ, ਤੁਸੀਂ ਜਾਣਦੇ ਹੋ ਤਾਂ ਇਹ ਇਸ ਨੂੰ ਬਿਹਤਰ ਬਣਾ ਦੇਂਦਾ ਹੈ । ਇਸ ਲਈ ਅਸੀਂ ਪਹਿਲਾਂ ਤੋਂ ਵੇਖ ਸਕਦੇ ਸੀ ਕਿ ਏਸ ਲੜਕੇ ਵਿੱਚ ਕੁਝ ਹੈ । ਅਤੇ ਇਹ ਸ਼ਰਮੀਲਾ ਸੀ । ਕਈ ਸਾਲ ਪਹਿਲਾਂ ਮੈਂ ਅਤੇ ਉਹਦਾ ਪਿਤਾ ਇੱਕਠੇ ਕੰਮ ਕਰਦੇ ਹੁੰਦੇ ਸੀ । ਅਤੇ ਮੈਂ ਉਹ ਦੇ ਪਿਤਾ ਨੂੰ ਜਾਣਦਾ ਹਾਂ ਜੋ ਹਮੇਸ਼ਾ ਕਿਸੇ ਵੀ ਕੰਮ ਲਈ ਤਿਆਰ ਅਤੇ ਫਟਾਫਟ ਜਾ ਕੇ ਕਰਨ ਵਾਲੇ ਸਨ ਤਾਂ ਫਿਰ ਇਹ ਗਲ ਏਸ ਲੜਕੇ ਵਿੱਚ ਕਿਓਂ ਨਾ ਹੁੰਦੀ? ਮੈਂ ਜਾਣਦਾ ਹਾਂ ਕਿ ਉਹਦੀ ਇੱਕ ਪਿਆਰੀ ਮਾਂ ਸੀ । ਇਸ ਲਈ ਉਸ ਨੂੰ ਚੰਗੀ ਤਰ੍ਹਾਂ ਪਾਲਿਆ ਗਿਆ, ਇਸ ਲਈ ਉਹਦੇ ਪਿਛੇ ਕੁਝ ਚੰਗੀ ਗਲ ਹੋਣੀ ਹੀ ਸੀ, ਤੁਸੀਂ ਸਮਝੇ । ਅਤੇ ਉਹਦੇ ਦਿਲ ਵਿੱਚ ਇਹ ਚਾਹ ਸੀ ਕਿ ਪ੍ਰਭੂ ਦੀ ਸੇਵਾ ਕਰੇ! ਜਦੋਂ ਗਹਿਰਾਈ, ਗਹਿਰਾਈ ਨੂੰ ਪੁਕਾਰਦੀ ਹੈ, ਤਾਂ ਉਸ ਪੁਕਾਰ ਨੂੰ ਜਵਾਬ ਦੇਣ ਦੇ ਲਈ ਇੱਕ ਗਹਿਰਾਈ ਹੋਣੀ ਚਾਹੀਦੀ ਹੈ । ਅਤੇ ਭਾਈ ਰੂਡਲ ਨੂੰ ਅੱਗੇ ਵੱਧਦੇ ਵੇਖ ਕੇ ਮੈਨੂੰ ਖੁਸ਼ੀ ਹੈ ।

9 ਇਹ ਸ਼ਾਨਦਾਰ ਲੋਕਾਂ ਦਾ ਟੋਲਾ ਇਥੇ ਹੈ । ਅਤੇ ਅੱਜ ਰਾਤ ਮੇਰੇ ਲਈ ਇੱਕ ਬਹੁਤ ਜਿਆਦਾ ਭਾਗਾਂ ਵਾਲੀ ਗੱਲ ਹੈ ਮੈਂ ਇਥੇ ਆ ਕੇ ਸੰਤਾਂ ਦੇ ਝੁੰਡ ਨਾਲ ਗਲਬਾਤ ਕਰਾਂ ਜੋ ਇਥੇ ਪਰਦੇਸ਼ੀ ਹਨ । ਅਸੀਂ ਨਹੀਂ ਹਾਂ…ਇਹ ਸਾਡੇ ਰਹਿਣ ਦੀ ਥਾਂ ਨਹੀਂ ਹੈ, ਤੁਸੀਂ ਜਾਣਦੇ ਹੋ । ਅਸੀਂ ਯਾਤਰੀ ਹਾਂ । ਅਸੀਂ ਹਾਂ । ਅਸੀਂ ਘਰ ਵਿੱਚ ਨਹੀਂ ਹਾਂ ।

10 ਮੈਂਨੂੰ ਯਾਦ ਹੈ ਭੈਣ ਰੂਡਲ, ਤੁਸੀਂ ਕਿਵੇਂ ਉਹਦੇ ਨਾਲ ਆਇਆ ਕਰਦੇ ਸੀ ਅਤੇ ਉਥੇ ਬੈਠਦੇ ਹੁੰਦੇ ਸੀ । ਅਤੇ ਉਹ ਆਪਣਾ ਸਿਰ ਨੀਵਾਂ ਰਖਦਾ ਹੁੰਦਾ ਸੀ । ਅਤੇ ਤੁਹਾਡੇ ਵਿੱਚ ਬਹੁਤ ਆਤਮ ਵਿਸ਼ਵਾਸ ਸੀ । ਯਕੀਨਨ ਉਨ੍ਹਾਂ ਨੇ ਕੀਤਾ । ਉਸ ਨੇ ਵਿਸ਼ਵਾਸ ਕੀਤਾ ਕਿ ਉਹ ਸੁਸਮਾਚਾਰ ਦਾ ਪਰਚਾਰ ਕਰੇਗਾ । ਅਤੇ ਇਸ ਤਰ੍ਹਾਂ ਦੀ ਚੰਗੀ ਪਤਨੀ ਅਤੇ ਚੰਗੇ ਪਿਤਾ ਅਤੇ ਮਾਤਾ ਅਤੇ ਉਹ ਦੇ ਲਈ ਉਸ ਸਾਰੀ ਪ੍ਰਾਰਥਨਾ ਦੇ ਨਾਲ ਕੁਝ ਤਾਂ ਹੋਣਾ ਹੀ ਸੀ, ਭਾਈ ਰੁੱਡਲ । ਇਸ ਲਈ ਉਹ ਹੁਣ ਇਥੇ ਹੈ । ਅਤੇ ਮੈਂ ਪ੍ਰਾਰਥਨਾ ਕਰਦਾ ਹਾਂ, ਭਾਈ ਰੁੱਡਲ ਕਿ ਇਹ ਤੇਰੇ ਲਈ ਖੜੇ ਰਹਿਣ ਲਈ ਇੱਕ ਸਥਾਨ ਹੋਵੇ ਜਿਥੇ ਤੂੰ ਸੁਸਮਾਚਾਰ ਦੀ ਮਹਿਮਾ ਦੇ ਲਈ ਬੁਲੰਦੀਆਂ ਤੇ ਪਹੁੰਚੇ ।

11 ਮੈਂ ਜਾਣਦਾ ਹਾਂ ਕਿ ਅੱਜ ਰਾਤ ਭਾਈ ਅਤੇ ਭੈਣ ਰੁੱਡਲ ਅਤੇ ਮੈਕਸ ਇਸ ਦੇ ਲਈ ਬਹੁਤ ਖੁਸ਼ ਹੋਣਗੇ । ਬਿੱਲੀ ਪੌਲ ਨੂੰ ਪਰਚਾਰ ਮੰਚ ਤੇ ਖੜਾ ਵੇਖ ਕੇ ਮੈਨੂੰ ਕਿੰਨਾ ਚੰਗਾ ਲਗੇਗਾ । ਅਤੇ ਮੈਂ ਉਮੀਦ ਕਰਦਾ ਹਾਂ ਕਿ ਕਿਸੇ ਦਿਨ ਜੋਸ਼ਫ਼ ਨੂੰ ਪਰਚਾਰ ਮੰਚ ਉੱਤੇ ਖੜਾ ਵੇਖਾਂਗਾ । ਅਤੇ ਇਹ ਬਹੁਤ ਹੀ ਚੰਗਾ ਹੈ ।

12 ਸਾਡੀਆਂ ਮਿਹਨਤਾਂ ਅਤੇ ਮੁਸੀਬਤਾਂ ਜੋ ਸਾਨੂੰ ਹੋਈਆਂ ਜਦੋਂ ਅਸੀਂ ਆਪਣੇ ਬਚਿਆਂ ਨੂੰ ਜਵਾਨ ਉਮਰ ਵਿਚ ਪਾਲਿਆ, ਤੱਦ ਇਹ ਸਾਨੂੰ ਵਧੀਆ ਮਹਿਸੂਸ ਕਰਵਾਉਂਦਾ ਹੈ । ਪਿਛਾਂਹ ਮੁੜ੍ਹ ਕੇ ਆਪਣੇ ਪਿਤਾ ਦੇ ਵਾਲਾਂ ਵਿੱਚ ਧੋਲਿਆਂ ਨੂੰ ਵੇਖੋ । ਯਾਦ ਰਹੇ ਕਿ ਤੁਹਾਡੀਆਂ ਕੁਝ ਗਲਤੀਆਂ ਨੇ ਉਹਨਾਂ ਧੋਲਿਆਂ ਨੂੰ ਉਥੇ ਰਖਿਆ ਹੈ । ਅਤੇ ਇਹ ਠੀਕ ਹੈ ।

13 ਅੱਛਾ, ਇਥੇ ਹੋਣਾ ਚੰਗਾ ਹੈ । ਅਤੇ ਮੇਰਾ ਗਲਾ ਥੋੜਾ ਜਿਹਾ ਖਰਾਬ ਹੈ । ਮੈਂ ਪਰਚਾਰ ਕਰ ਰਿਹਾ ਸੀ । ਕਲ੍ਹ ਭਾਈ ਜੀਨ ਗੋਡ ਅਤੇ ਮੈਂ ਇੱਕ ਛੋਟੀ ਜਿਹੀ ਯਾਤਰਾ ਕਰਕੇ ਹੇਠਾਂ ਗਏ । ਅਤੇ ਮਛੀ ਕੁੰਡੀ ਵਿੱਚ ਫੱਸ ਰਹੀ ਰਹੀ ਸੀ । ਅਤੇ ਸਾਡਾ ਚੰਗਾ ਸਮਾਂ ਵਤੀਤ ਹੋਇਆ ਤੇ ਅਸੀਂ ਦੇਰ ਨਾਲ ਆਏ । ਅਤੇ ਅਸੀਂ ਪਾਣੀ ਉੱਤੇ ਗਏ ਸੀ ਅਤੇ ਇਹ ਥੋੜਾ ਜਿਹਾ ਠੰਡਾ ਸੀ ਪਰ ਮੈਂ ਵਿਸ਼ਵਾਸ ਕਰਦਾ ਹਾਂ ਕਿ ਤੁਸੀਂ ਮੇਰੇ ਨਾਲ ਸਹਿਣ ਕਰੋਗੇ ।

14 ਹੁਣ ਅਸੀਂ ਗਰਮੀਆਂ ਦੀ ਮੁਹਿੰਮ ਦੇ ਲਈ ਜਾਣ ਦੀ ਤਿਆਰੀ ਕਰ ਰਹੇ ਹਾਂ, ਲਗਭਗ ਨਬੇ ਦਿਨਾਂ ਦੀ ਮੁਹਿਮ ਹੈ । ਅਗਸਤ ਦੇ ਅਖੀਰ ਜਾਂ ਸਿਤੰਬਰ ਦੇ ਪਹਿਲੇ ਹਫਤੇ ਵਿੱਚ ਵਾਪਸ ਆਉਣ ਦੀ ਉਮੀਦ ਹੈ । ਅਤੇ ਅਸੀਂ ਹੁਣ ਜਾ ਰਹੇ ਹਾਂ । ਇਸ ਹਫਤੇ, ਮੈਂ ਗਰੀਨ ਬੇਅ, ਮਿਸ਼ਿਗਨ ਤੋਂ ਸ਼ੁਰੂਆਤ ਕਰਾਂਗਾ ਅਤੇ ਐਤਵਾਰ ਦੁਪਹਿਰ ਦੇ ਲਈ ਸ਼ਿਕਾਗੋ ਦੇ ਹਾਈ ਸਕੂਲ ਵਿੱਚ ਇੱਕ ਕੰਨਵੈਨਸਨ ਵਿੱਚ ਆਵਾਂਗਾ । ਮੈਂ ਗਰੀਨ ਬੇਅ ਵਿੱਚ, ਵਿਸਕਾਂਸਿਨ ਵਿੱਚ

ਕ੍ਰਿਸ਼ਚਨ ਬਿਜਨਸਮੈਨ ਦੀ ਮੂਲ ਸਭਾ ਉੱਤੇ ਬੋਲਣ ਜਾ ਰਿਹਾ ਹਾਂ। ਅਤੇ ਫਿਰ ਉਥੋਂ ਸ਼ਿਕਾਗੋ ਜਾਵਾਂਗਾ। ਅਤੇ ਫੇਰ ਸੋਮਵਾਰ ਮੈਂ ਸ਼ਿਕਾਗੋ ਵਿੱਚ ਇੱਕ ਆਮ ਸਭਾ ਦੇ ਲਈ, ਜੋ ਭਾਈ ਜੋਸ਼ਫ ਬੋਜ ਦੀ ਇੱਕ ਮਿਸ਼ਨਰੀ ਰੈਲੀ ਹੋਵੇਗੀ। ਅਤੇ ਫੇਰ ਘਰ ਵਾਪਸ ਆਵਾਂਗਾ ਤਾਂ ਕਿ ਦਖਣ ਨੂੰ ਜਾਵਾਂ, ਸਾਉਥ ਪਾਇੰਸ, ਨੋਰਥ ਕੈਰੋਲੀਨਾ ਅਤੇ ਸਾਉਥ ਕੈਰੋਲੀਨਾ ਦੇ ਵਿੱਚ। ਫੇਰ ਸਾਉਥ ਗੇਟਸ, ਲੋਸ ਐਂਜਲਸ ਦੇ ਕੋਵ ਪੈਲੇਸ ਵਿੱਚ। ਲਗਭਗ ਚਾਲੀ ਵਨਨੈਸ ਦੀਆਂ ਕਲੀਸਿਯਾ ਇਹਨਾਂ ਸਭਾਵਾਂ ਦਾ ਭਾਰ ਚੁੱਕ ਰਹੀਆਂ ਹਨ। ਇਹ ਪਹਿਲੀ ਵਾਰ ਹੈ ਕਿ ਵਨਨੈਸ ਵਾਲਿਆਂ ਨੇ ਮੇਰੀ ਸਭਾ ਦਾ ਭਾਰ ਚੁੱਕਿਆ ਹੈ।

15 ਫੇਰ ਓਰੇਗਾਉਂ, ਕਨਾਡਾ ਤੋਂ ਹੁੰਦੇ ਹੋਏ ਕੈਲੀਫੋਰਨੀਆ। ਅਤੇ ਫਿਰ ਉਥੋਂ ਐਨਕੋਰੇਜ, ਅਲਾਸਕਾ ਵਿੱਚ। ਅਤੇ ਫੇਰ ਇਸ ਰੁੱਤ ਦੇ ਅੰਤ ਵਿੱਚ ਜਿਥੇ ਭਾਈ ਜੋਸ਼ਫ਼ ਬੋਜ ਜਾ ਰਿਹਾ ਹੈ, ਕੀਨੀਆ, ਤੰਗਾਨਾਇਕਾ, ਅਰਬਨ, ਅਫ਼੍ਰੀਕਾ, ਸਾਉਥ ਅਫਰੀਕਾ ਤਾਂ ਕਿ ਉਥੇ ਜਾ ਕੇ ਸਭਾਵਾਂ ਦੀ ਤਿਆਰੀ ਕਰੀਏ।

16 ਹੁਣ ਜੇ ਮੈਂ ਕਹਾਂ ਕਿ ਮੈਨੂੰ ਉਹਨਾਂ ਜਗ੍ਹਾਵਾਂ ਤੇ ਜਾਣ ਲਈ ਅਗੁਵਾਈ ਹੈ ਤਾਂ ਮੈਨੂੰ ਨਹੀਂ ਹੈ। ਪਰ ਮੈਂ ਮਹਿਸੂਸ ਕਰਦਾ ਹਾਂ ਕਿ ਮੈਨੂੰ ਕਿਤੇ ਨਾ ਕਿਤੇ ਬੀਜ ਬੀਜਣਾ ਹੀ ਹੈ, ਉਸ ਦੇ ਰਾਜ ਲਈ ਜੋ ਕੁਝ ਵੀ ਕਰ ਸਕਦਾ ਹਾਂ, ਉਹ ਕਰਨਾ ਹੈ।

17 ਹੁਣ ਆਓ ਅਸੀਂ ਦੁਬਾਰਾ ਆਪਣੇ ਸਿਰਾਂ ਨੂੰ ਪ੍ਰਾਰਥਨਾ ਕਰਨ ਦੇ ਲਈ ਝੁਕਾਈਏ। ਇੰਝ ਨਹੀਂ ਹੈ ਕਿ ਅਸੀਂ ਪ੍ਰਾਰਥਨਾ ਨਹੀਂ ਕੀਤੀ ਹੈ ਪਰ ਮੈਂ ਚਾਹੁੰਦਾ ਹਾਂ ਕਿ ਪਰਮੇਸ਼ੁਰ ਤੋਂ ਮੰਗਾ ਕਿ ਉਹ ਹੁਣ ਏਥੋਂ ਮੇਰੀ ਮਦਦ ਕਰੇ ਤਾਂ ਕਿ ਉਸ ਨਾਲ ਤੁਹਾਡੇ ਲਈ ਵਚਨ ਪਰਚਾਰ ਕਰ ਸਕਾਂ।

18 ਸਾਡੇ ਸਵਰਗੀ ਪਿਤਾ, ਅਸੀਂ ਹੁਣ ਤੇਰੇ ਦਯਾ ਦੇ ਸਿੰਘਾਸਣ ਵਲ ਆ ਰਹੇ ਹਾਂ, ਪ੍ਰਭੂ ਯਿਸੂ ਮਸੀਹ ਦੇ ਨਾਮ ਵਿੱਚ ਜਿਹਨੇ ਸਾਨੂੰ ਆਗਿਆ ਦਿੱਤੀ ਅਤੇ ਸਾਨੂੰ ਆਉਣ ਦਾ ਸੱਦਾ ਦਿੱਤਾ ਅਤੇ ਜਿਵੇਂ ਅਸੀਂ ਅੱਗੇ ਵਧਾਂਗੇ ਤਾਂ ਅਸੀਂ ਜੋ ਵੀ ਮੰਗਾਂਗੇ ਉਹ ਸਾਨੂੰ ਬਖਸ ਦਿਤਾ ਜਾਵੇਗਾ। ਹੁਣ, ਅਸੀਂ ਇਹ ਬਿਲਕੁਲ ਵੀ ਨਹੀਂ ਮੰਗਦੇ ਕਿ ਅਸੀਂ ਤੇਰੇ ਨਿਆਂ ਦੇ ਸਿੰਘਾਸਣ ਸਾਹਮਣੇ ਖੜੇ ਹੋਈਏ। ਪਰ ਅਸੀਂ ਦਯਾ ਦੇ ਸਿੰਘਾਸਣ ਅੱਗੇ ਖਲੋਣਾ ਚਾਹੁੰਦੇ ਹਾਂ ਤਾਂ ਜੋ ਅਸੀਂ ਦਯਾ ਨੂੰ ਪ੍ਰਾਪਤ ਕਰ ਸਕੀਏ, ਇਹ ਇਕਰਾਰ ਕਰਦੇ ਹੋਏ ਕਿ ਅਸੀਂ ਗਲਤ ਹਾਂ। ਅਤੇ ਸਾਡੇ ਵਿਚ ਕੋਈ ਵੀ ਚੰਗੀ ਗਲ ਨਹੀਂ। ਪਰ ਅਸੀਂ ਆਪਣੇ ਆਪ ਨੂੰ ਤੇਰੇ ਅੱਗੇ ਲਿਆਉਂਦੇ ਹਾਂ, ਪ੍ਰਭੂ। ਅਸੀਂ ਪ੍ਰਭੂ ਯਿਸੂ ਮਸੀਹ ਦੀ ਪ੍ਰਾਰਥਨਾ ਅਤੇ ਉਹਦੇ ਨਿਓਤੇ ਤੋਂ ਬਿਨਾਂ ਹੋਰ ਕੁਝ ਵੀ ਨਹੀਂ ਦੇ ਸਕਦੇ, ਜਿਸਨੇ ਇਹ ਕਿਹਾ ਸੀ, "ਜੋ ਮੇਰੇ ਵਚਨਾਂ ਨੂੰ ਸੁਣਦਾ ਹੈ ਅਤੇ ਉਹ ਦੀ ਪਰਤੀਤ ਕਰਦਾ ਹੈ

ਜਿਹਨੇ ਮੈਨੂੰ ਘਲਿਆ ਸਦੀਪਕ ਜਿਉਣ ਉਹ ਦਾ ਹੈ ਅਤੇ ਉਹਦੇ ਉੱਤੇ ਸਜਾ ਦਾ ਕੋਈ ਹੁਕਮ ਨਹੀਂ ਹੁੰਦਾ ਸਗੋਂ ਮੌਤ ਤੋਂ ਪਾਰ ਲੰਘ ਕੇ ਉਹ ਜਿਉਣ ਵਿੱਚ ਜਾ ਪਹੁੰਚਿਆ ਹੈ" । ਅਸੀਂ ਇਹ ਵਿਸ਼ਵਾਸ ਕਰਦੇ ਹਾਂ । ਉਸਨੇ ਸਾਨੂੰ ਆਉਣ ਲਈ ਕਿਹਾ, ਮੇਰੇ ਨਾਮ ਵਿੱਚ ਕੁਝ ਵੀ ਮੰਗੋ, ਇਹ ਬਖ਼ਸ ਦਿੱਤਾ ਜਾਵੇਗਾ । ਅਸੀਂ ਇਹ ਵਿਸ਼ਵਾਸ ਕਰਦੇ ਹਾਂ ।

19 ਸਾਡੇ ਵਿਸ਼ਵਾਸ ਦੇ ਆਧਾਰ ਉੱਤੇ ਅਸੀਂ ਆਉਂਦੇ ਹਾਂ, ਇਹ ਮੰਗਦੇ ਹੋਏ ਕਿ ਤੁਸੀਂ ਇਸ ਕਲੀਸਿਯਾ ਅਤੇ ਸਾਡੇ ਦਯਾਲੂ ਭਾਈ ਰੂਡਲ ਅਤੇ ਉਹਦੇ ਪਰਿਵਾਰ ਅਤੇ ਸਾਰੇ ਪਰਿਵਾਰਾਂ ਨੂੰ ਜੋ ਇਥੇ ਮੋਜੂਦ ਹਨ ਨੂੰ ਬਰਕਤ ਦਿਓਗੇ ।

20 ਅਤੇ ਅੱਜ ਰਾਤ ਮੈਂ ਸ੍ਰੀ ਮਤੀ ਮੌਰਿਸ ਨੂੰ ਇਥੇ ਵੇਖਿਆ ਅਤੇ ਉਹਨਾਂ ਦਿਨਾਂ ਬਾਰੇ ਸੋਚਿਆ ਜੋ ਬੀਤ ਗਏ ਹਨ । ਅਤੇ, ਪਰਮੇਸ਼ੁਰ, ਜਿਵੇਂ ਮੈਂ ਉਹਨੂੰ ਕਿਹਾ ਕਿ ਬਹੁਤ ਸਾਰਾ ਸਮਾਂ ਬੀਤ ਗਿਆ ਹੈ ਅਤੇ ਬਹੁਤ ਸਾਰੇ ਖਤਰੇ, ਮਿਹਨਤਾਂ ਅਤੇ ਫੰਦੇ, ਪ੍ਰਭੂ ਤੂੰ ਪਹਿਲਾਂ ਹੀ ਸਾਨੂੰ ਉਹਨਾਂ ਵਿਚੋਂ ਬਾਹਰ ਕਢ਼ ਲਿਆਇਆ ਹੈਂ ਅਤੇ ਸਾਡਾ ਭਰੋਸਾ ਤੇਰੇ ਵਿੱਚ ਹੈ ਕਿ ਅਸੀਂ ਤੇਰੇ ਵਿੱਚ ਮਾਰਗ ਦੇ ਅੰਤ ਵਿੱਚ ਜਾਵਾਂਗੇ ।

21 ਇਸ ਜਗ੍ਹਾ ਨੂੰ ਬਰਕਤ ਦੇ । ਪ੍ਰਭੂ, ਆਪਣੇ ਨਾਮ ਨੂੰ ਇਥੇ ਰੱਖ ਅਤੇ ਇਹਨਾਂ ਨੂੰ ਸਭ ਤੋਂ ਚੰਗਾ ਦੇ ਜੋ ਤੂੰ ਇਸ ਜਗ੍ਹਾ ਦੇ ਲਈ ਠਹਿਰਾਇਆ ਹੈ । ਕਾਸ਼ ਕਿ ਬੁਰਾਈ, ਜਿਵੇਂ ਇੱਕ ਭਾਈ ਨੇ ਪ੍ਰਾਰਥਨਾ ਕੀਤੀ ਹੈ, ਇਸ ਜਵਾਨ ਨੇ ਅੱਜ ਰਾਤ ਇਹ ਪ੍ਰਾਰਥਨਾ ਕੀਤੀ ਹੈ ਕਿ ਤੂੰ ਸਭ ਰੁਕਾਵਟਾਂ ਨੂੰ ਦੂਰ ਲੈ ਜਾਵੇਂਗਾ । ਪ੍ਰਭੂ, ਇਹ ਬਖਸ ਦੇ । ਉਹਦੀ ਪ੍ਰਾਰਥਨਾ ਦਾ ਜਵਾਬ ਦੇ ।

22 ਸਾਡੇ ਵਿਚਕਾਰ ਜੋ ਬੀਮਾਰ ਹਨ ਉਨ੍ਹਾਂ ਨੂੰ ਚੰਗਾ ਕਰ । ਉਹਨਾਂ ਦੇ ਪ੍ਰਾਣਾਂ ਨੂੰ ਮੁਕਤੀ ਦੇ ਜਿਹੜੇ ਧਰਮ ਦੇ ਲਈ ਭੁੱਖੇ ਅਤੇ ਪਿਆਸੇ ਹਨ । ਅਤੇ ਹੁਣ, ਪ੍ਰਭੂ, ਹੁਣ ਆਪਣੇ ਨਿਕੰਮੇ ਸੇਵਕ ਦੀ ਆਵਾਜ ਅਤੇ ਹਰੇਕ ਕੋਸ਼ਿਸ ਨੂੰ ਪਵਿੱਤਰ ਕਰ । ਅਤੇ ਆਪਣੇ ਵਚਨ ਨੂੰ ਬਰਕਤ ਦੇ ਕਿ ਇਹ ਖਾਲੀ ਵਾਪਸ ਨਾ ਆਵੇ । ਪਰ ਇਹ ਹੋ ਜਾਵੇ ਕਿ ਇਹ ਉਸ ਮਕਸਦ ਨੂੰ ਪੂਰਾ ਕਰੇ ਜਿਹਦੇ ਲਈ ਇਹ ਹੈ । ਪਵਿੱਤਰ ਆਤਮਾ ਪਰਮੇਸ਼ੁਰ ਦੀਆਂ ਗਲਾਂ ਨੂੰ ਲਵੇ ਅਤੇ ਅੱਜ ਰਾਤ ਸਾਡੇ ਦਿਲਾਂ ਨੂੰ ਵੱਡੇ ਤੋਂ ਲੈ ਕੇ ਛੋਟੇ ਤੀਕ ਹਰੇਕ ਦੇ ਦਿਲ ਨੂੰ ਉਤਸ਼ਾਹਿਤ ਕਰੇ । ਅਸੀਂ ਇਹ ਯਿਸੂ ਮਸੀਹ ਦੇ ਨਾਮ ਵਿੱਚ ਮੰਗਦੇ ਹਾਂ । ਆਮੀਨ ।

23 ਹੁਣ, ਇਸ ਸਵੇਰ ਮੈਂ ਲਮੇਂ ਸਮੇਂ ਤੱਕ ਪਰਚਾਰ ਕੀਤਾ । ਅਤੇ ਮੈਂ ਪਰਚਾਰ ਕਰਨਾ ਨਹੀਂ ਜਾਣਦਾ । ਮੈਂ ਤਾਂ ਬੱਸ ਇੱਕ ਤਰ੍ਹਾ ਦਾ ਸੰਡੇ ਸਕੂਲ ਦਾ ਸਬਕ ਪੜਾ ਰਿਹਾ ਸੀ । ਇੱਕ ਦਿਨ ਮੈਂ ਛੇ ਘੰਟੇ ਪੜ੍ਹਾਇਆ । ਮੈਨੂੰ ਯਕੀਨ ਹੈ ਕਿ ਅੱਜ ਰਾਤ ਉਨਾਂ ਬੁਰਾ ਨਹੀਂ ਹੋਵੇਗਾ ।

24 ਪਰ ਮੇਰੇ ਕੋਲ ਇਥੇ ਇੱਕ ਛੋਟਾ ਜਿਹਾ ਵਿਸ਼ਾ ਹੈ, ਮੈਂ ਕੁਝ ਲਿਖਤਾਂ ਨੂੰ ਪੜ੍ਹਨਾ ਚਾਹੁੰਦਾ ਹਾਂ ਕਿਓਂਕਿ ਮੈਂ ਜਾਣਦਾ ਹਾਂ ਕਿ ਓਸਦਾ ਵਚਨ ਕਦੇ ਵੀ ਨਹੀਂ ਟਲੇਗਾ । ਮੇਰਾ ਟਲ ਸਕਦਾ ਹੈ । ਮੇਰੇ ਵਚਨ ਅਸਫਲ ਹੋ ਸਕਦੇ ਹਨ । ਅਤੇ ਮੈਂ ਆਪਣੇ ਵਚਨ ਉਹਦੇ ਵਚਨ ਦੇ ਨਾਲ ਰਖਾਂਗਾ ਅਤੇ ਉਹਦੇ ਵਚਨ ਨੂੰ ਲਵਾਂਗਾ; ਆਪਣੇ ਵਚਨ ਨੂੰ ਲਵਾਂਗਾ ਤਾਂ ਕਿ ਉਹਦੇ ਵਚਨ ਦੇ ਇਰਦ ਗਿਰਦ ਇੱਕ ਵਿਸ਼ਾ ਬਣਾ ਸਕਾਂ, ਜਿਸਦਾ ਅਸੀਂ ਇੱਕ ਵਿਸ਼ੇ ਦੇ ਤੌਰ ਤੇ ਇਸਤੇਮਾਲ ਕਰਾਂਗੇ ।

25 ਅੱਜ ਰਾਤ ਮੈਂ ਦੋ ਜਗ੍ਹਾ ਤੋਂ ਪੜ੍ਹਨਾ ਚਾਹੁੰਦਾ ਹਾਂ । ਮੈਂ ਕਹਾਉਤਾਂ ਦੀ ਕਿਤਾਬ ਵਿਚੋਂ 18ਵੇਂ ਅਧਿਆਏ ਵਿਚੋਂ 10ਵੀਂ ਆਇਤ ਪੜ੍ਹਨਾ ਚਾਹੁੰਦਾ ਹਾਂ । ਅਤੇ ਦੂਸਰੀ ਜਗ੍ਹਾ, ਮੈਂ ਯਸ਼ਾਯਾਹ 32:2 ਤੋਂ ਪੜ੍ਹਨਾ ਚਾਹੁੰਦਾ ਹਾਂ । ਹੁਣ ਕਹਾਉਤਾਂ 18:10 ।

> *ਯਹੋਵਾਹ ਦਾ ਨਾਮ ਇੱਕ ਪੱਕਾ ਬੁਰਜ ਹੈ: ਧਰਮੀ ਭੱਜ ਕੇ ਉਸ ਵਿੱਚ ਜਾਂਦਾ ਹੈ ਤੇ ਬਚਿਆ ਰਹਿੰਦਾ ਹੈ ।*

26 ਅਤੇ ਯਸ਼ਾਯਾਹ ਦੀ ਕਿਤਾਬ ਵਿਚੋਂ 32 ਅਧਿਆਏ ਉਸਦੀ ਪਹਿਲੀ ਅਤੇ ਦੂਜੀ ਆਇਤ ।

> *ਵੇਖੋ, ਇੱਕ ਪਾਤਸ਼ਾਹ ਧਰਮ ਨਾਲ ਪਾਤਸ਼ਾਹੀ ਕਰੇਗਾ ਅਤੇ ਰਾਜਕੁਮਾਰ ਨਿਆਉਂ ਨਾਲ ਸਰਦਾਰੀ ਕਰਨਗੇ ।*
>
> *ਹਰੇਕ ਪੌਣ ਤੋਂ ਲੁੱਕਣ ਦੇ ਥਾਂ ਜਿਹਾ ਹੋਵੇਗਾ, ਵਾਛੜ ਤੋਂ ਓਟ, ਸੁੱਕੇ ਵਿੱਚ ਪਾਣੀ ਦੀਆਂ ਨਾਲੀਆਂ ਜਿਹਾ, ਹੁੱਸੀ ਧਰਤੀ ਵਿੱਚ ਵੱਡੀ ਚੱਟਾਨ ਦੇ ਸਾਯੇ ਜਿਹਾ ।*

27 ਅਤੇ ਹੁਣ ਇੱਕ ਮੂਲ ਵਿਸ਼ੇ ਵਿਚੋਂ ਮੈਂ ਇਹਨੂੰ ਇੱਕ ਵਿਸ਼ੇ ਦੀ ਤੌਰ ਤੇ ਲੈਣਾ ਚਾਹੁੰਦਾ ਹਾਂ,...*ਦਬਾਉ ਤੋਂ ਮੁਕਤ ਹੋਣਾ* । ਇੱਹ ਇੱਕ ਵਿਚਿਤ੍ਰ ਵਿਸ਼ਾ ਹੈ, "ਦਬਾਉ ਤੋਂ ਮੁਕਤ ਹੋਣਾ" । ਮੈਂ ਇਹ ਚੁਣਿਆ ਕਿਓਂਕਿ ਇੱਕ ਮੀਟਿੰਗ ਵਿੱਚ ਆਉਣ ਤੋਂ ਪਹਿਲਾਂ ਮੈਂ ਹਮੇਸ਼ਾ ਪ੍ਰਾਰਥਨਾ ਕਰਨ ਦੀ ਕੋਸ਼ਿਸ ਕਰਦਾ ਹਾਂ ਅਤੇ ਪਰਮੇਸ਼ੁਰ ਤੋਂ ਪੁਛਣ ਦੀ ਕੋਸ਼ਿਸ ਕਰਦਾ ਹਾਂ । ਕਿਸੇ ਸਭਾ ਦੇ ਮੂਹਰੇ ਖੜੇ ਹੋਣ ਦੇ ਲਈ ਨਹੀਂ, ਚਾਹੇ ਇਹ ਵੱਡੀ ਜਾਂ ਛੋਟੀ ਹੋਵੇ, ਮੈਂ ਉਥੇ ਆਪਣੇ ਆਪ ਨੂੰ ਵਿਖਾਉਣ ਜਾਂ ਸੁਣਾਉਣ ਲਈ ਨਹੀਂ ਖੜਾ ਹੁੰਦਾ ਪਰ ਇਸ ਲਈ ਕਿ ਆਪਣੇ ਪ੍ਰਭੂ ਦੀ ਵਡਿਆਈ ਦੇ ਲਈ ਕੁਝ ਕਰਾਂ ਇਸ ਲਈ ਲੋਕਾਂ ਦੀ ਲੋੜ੍ਹ ਨੂੰ ਵੇਖਦੇ ਹੋਏ ।

28 ਅਤੇ ਮੈਂ ਇਥੇ ਆਪਣੀ ਸੁਣਾਉਣ ਨਹੀਂ ਆਉਂਦਾ ਕਿਓਂਕਿ ਮੇਰੇ ਕੋਲ ਸੁਣਾਉਣ ਲਈ ਕੁਝ ਜਿਆਦਾ ਨਹੀਂ ਹੈ; ਖਰਾਬ ਆਵਾਜ, ਨਾ ਹੀ ਮੈਂ ਪੜ੍ਹਿਆ

ਲਿਖਿਆ ਆਦਮੀ ਹਾਂ । ਅਤੇ ਮੈਂ ਕਦੇ ਵੀ ਆਪਣੇ ਵਿਸ਼ੇ ਦੇ ਨਾਲ ਨਹੀਂ ਰਹਿੰਦਾ ਸਗੋਂ ਉੱਤਪਤ ਤੋਂ ਪ੍ਰਕਾਸ਼ ਦੀ ਪੋਥੀ ਤੱਕ ਛਾਲ ਮਾਰਦਾ ਹਾਂ । ਅਤੇ ਮੈਂ ਇੱਕ ਹੁਸ਼ਿਆਰ ਬੁਲਾਰਾ ਨਹੀਂ ਹਾਂ ਪਰ ਮੈਂ ਪਰਮੇਸ਼ੁਰ ਨੂੰ ਪ੍ਰੇਮ ਕਰਦਾ ਹਾਂ । ਅਤੇ ਮੈਂ ਪਰਮੇਸ਼ੁਰ ਨੂੰ ਤੱਦ ਤਕ ਪ੍ਰੇਮ ਨਹੀਂ ਕਰ ਸਕਦਾ ਜੱਦ ਤਕ ਪਹਿਲਾਂ ਮੈਂ ਉਹਦੇ ਲੋਕਾਂ ਨਾਲ ਪ੍ਰੇਮ ਨਹੀਂ ਕਰਦਾ । ਸਮਝੇ? ਮੈਨੂੰ ਉਹਦੇ ਲੋਕਾਂ ਨਾਲ ਪ੍ਰੇਮ ਕਰਨਾ ਹੀ ਹੈ । ਇਸ ਲਈ ਜੇ ਮੈਂ ਉਹਦੇ ਲੋਕਾਂ ਨਾਲ ਪ੍ਰੇਮ ਕਰਦਾ ਹਾਂ ਤਾਂ ਮੈਂ ਉਹ ਨੂੰ ਪ੍ਰੇਮ ਕਰਦਾ ਹਾਂ ।

29 ਅਤੇ ਤੱਦ ਮੈਂ ਉਸ ਤਰ੍ਹਾਂ ਬਣਨਾ ਚਾਹੁੰਦਾ ਹਾਂ ਜਿਵੇਂ ਉਹ ਸੀ । ਮੈਂ ਆਪਣੇ ਮਕਸਦ ਉਹੀ ਬਣਾਉਣਾ ਚਾਹੁੰਦਾ ਹਾਂ ਜੋ ਉਹਦੇ ਮਕਸਦ ਸਨ ਅਤੇ ਉਹ ਇਹ ਹੈ ਕਿ ਹਮੇਸ਼ਾ ਚੰਗਾ ਕਰਨ ਦੀ ਕੋਸ਼ਿਸ ਅਤੇ ਕਿਸੇ ਦੀ ਮਦਦ ਕਰਨ ਦੀ ਕੋਸ਼ਿਸ ਕਰਨਾ ।

30 ਅਤੇ ਇਹਨਾਂ ਦਿਨਾਂ ਨੂੰ ਵੇਖਦੇ ਹੋਏ ਜਿਨਾਂ ਵਿੱਚ ਅਸੀਂ ਰਹਿ ਰਹੇ ਹਾਂ ਅਤੇ ਇਹ ਜਾਣਦੇ ਹੋਏ ਕਿ ਇਸ ਕਲੀਸਿਯਾ ਕੋਲ ਇੱਕ ਮਹਾਨ ਪਰਚਾਰਕ ਹੈ...

31 ਹੁਣ, ਮੈਂ ਇਹ ਨਹੀਂ ਕਹਿੰਦਾ ਕਿ ਇਹ ਚਾਪਲੂਸੀ ਹੈ, ਮੈਂ ਇਹ ਆਪਣੇ ਦਿਲੋਂ ਆਖ ਰਿਹਾ ਹਾਂ । ਜੇ ਮੈਂ ਕੁਝ ਹੋਰ ਕਿਹਾ ਹੁੰਦਾ ਤਾਂ ਮੈਂ ਇੱਕ ਪਖੰਡੀ ਹੁੰਦਾ । ਤੇ ਮੈਂ ਵਿਸ਼ਵਾਸ ਕਰਦਾ ਹਾਂ ਕਿ ਇਸ ਕਲੀਸਿਯਾ ਕੋਲ ਇੱਕ ਅਜਿਹਾ ਪਾਸਟਰ ਹੈ ਜੋ ਸਚਾਈ ਉੱਤੇ ਖੜਾ ਰਹੇਗਾ, ਇਹਦੀ ਪ੍ਰਵਾਹ ਨਹੀਂ ਕਿ ਕੀ ਆਉਂਦਾ ਹੈ ਤੇ ਕੀ ਜਾਂਦਾ ਹੈ । ਮੈਂ ਇਹ ਵਿਸ਼ਵਾਸ ਕਰਦਾ ਹਾਂ । ਇਹ ਮੇਰਾ ਆਪਣੇ ਪੁੱਤ੍ਰ ਉੱਤੇ ਭਰੋਸਾ ਹੈ । ਤੇ ਮੈਂ ਇਹ ਵਿਸ਼ਵਾਸ ਕਰਦਾ ਹਾਂ । ਅਤੇ ਮੈਂ... ਅਤੇ ਉਹ ਇਨਾਂ ਨਿਡਰ ਹੈ ਜਿਨਾਂ ਹੋ ਸਕਦਾ ਹੈ । ਅਤੇ ਤੁਸੀਂ...ਮੈਂ ਵਿਸ਼ਵਾਸ ਕਰਦਾ ਹਾਂ ਕਿ ਉਹ ਆਦਰਯੋਗ, ਪਵਿੱਤਰ ਮਨੁੱਖ, ਇਹਨਾਂ ਆਖਰੀ ਦਿਨਾਂ ਦੀ ਸੇਵਕਾਈ ਦੇ ਲਈ ਪਰਮੇਸ਼ੁਰ ਵਲੋਂ ਘਲਿਆ ਹੋਇਆ ਹੈ । ਅਤੇ ਉਹ ਵਚਨ ਦੇ ਉਹੀ ਹਿੱਸੇ ਦਾ ਪਰਚਾਰ ਕਰਦਾ ਹੈ ਜਿਹੜਾ ਮੈਂ ਕਰਦਾ ਹਾਂ, ਇਹ ਉੱਤਪਤ ਤੋਂ ਲੈ ਕੇ ਪ੍ਰਕਾਸ਼ ਦੀ ਪੋਥੀ ਤੱਕ, ਬਿਲਕੁਲ ਉਸੇ ਤਰ੍ਹਾਂ ਜਿਵੇਂ ਇਹ ਲਿਖੀ ਹੋਈ ਹੈ । ਅਤੇ ਮੈਂ ਇਹ ਪਸੰਦ ਕਰਦਾ ਹਾਂ । ਕੋਈ ਸਮਝੋਤਾ ਨਹੀਂ, ਬੱਸ ਵਚਨ ਨਾਲ ਬਣੇ ਰਹੋ ਅਤੇ ਮੈਂ ਇਹ ਪਸੰਦ ਕਰਦਾ ਹਾਂ ।

32 ਪਰ ਫਿਰ ਮੈਂ ਸੋਚਿਆ, ਇਸ ਤਰ੍ਹਾਂ ਦੇ ਮਨੁੱਖ ਦੇ ਨਾਲ, ਮੇਰੇ ਲਈ ਉਹਦੇ ਪਰਚਾਰ ਮੰਚ ਦੇ ਪਿਛੇ ਜਾਣਾ, ਭਾਵੇਂ ਉਹ ਇੱਕ ਜਵਾਨ ਆਦਮੀ ਹੈ, ਮੈਂ ਕੀ ਕਹਾਂਗਾ ਜੋ ਉਹਦੀ ਮੰਡਲੀ ਦੀ ਮਦਦ ਕਰ ਸਕੇ? ਕਿਓਂਕਿ, ਉਹ ਇਸੇ ਲਈ ਚਾਹੁੰਦਾ ਸੀ ਕਿ ਮੈਂ ਇਥੇ ਆਵਾਂ । ਉਹ ਇੱਕ ਚਰਵਾਹਾ ਹੈ ਅਤੇ ਉਹ ਆਪਣੀਆਂ ਭੇਡਾਂ ਦੀ ਰਾਖੀ ਕਰ ਰਿਹਾ ਹੈ । ਅਤੇ ਉਹ ਸੋਚ ਰਿਹਾ ਹੋਵੇਗਾ

ਕਿ ਹੁਣ ਥੋੜਾ ਜਿਹਾ ਬਦਲਾਅ ਕਰਨ ਦੇ ਲਈ, ਉਹ ਆਪਣੇ ਲੋਕਾਂ ਦੀ ਮਦਦ ਲਈ ਕੁਝ ਕਰਨਾ ਚਾਹੁੰਦਾ ਹੈ । ਅਤੇ ਉਹਨੂੰ ਤੁਹਾਡੇ ਵਿੱਚ ਦਿਲਚਸਪੀ ਹੈ । ਉਹਦੀ ਦਿਲਚਸਪੀ ਤੁਹਾਡੀ ਭਲਿਆਈ ਵਿੱਚ ਹੈ । ਦਿਨ ਅਤੇ ਰਾਤ, ਉਹ ਕਿਸੇ ਵੀ ਵੇਲੇ ਕਿਤੇ ਵੀ ਜਾਂਦਾ ਹੈ, ਜੋ ਵੀ ਮਦਦ ਉਹ ਕਰ ਸਕਦਾ ਹੈ ਉਹ ਕਰਨ ਦੇ ਲਈ । ਅੱਛਾ, ਇਹ ਪਰਮੇਸ਼ੁਰ ਦਾ ਇਕ ਅਸਲ ਸੇਵਕ ਹੈ ।

33 ਅਤੇ ਜਿਵੇਂ ਉਹ ਕਹਿ ਰਿਹਾ ਸੀ ਕਿ ਉਹਨੇ ਮੈਨੂੰ ਤੰਗ ਕੀਤਾ ਜਾਂ ਪਰੇਸ਼ਾਨ ਕੀਤਾ ਜਾਂ ਵਗੈਰਾ ਵਗੈਰਾ । ਉਸ ਨੇ ਇੰਝ ਨਹੀਂ ਕੀਤਾ । ਇਸ ਨਾਲ ਮੈਨੂੰ ਉਹਦੇ ਨਾਲ ਹੋਰ ਪ੍ਰੇਮ ਹੋ ਜਾਂਦਾ ਹੈ ਜਦੋਂ ਉਹ ਬਾਰ ਬਾਰ ਕਹਿੰਦਾ ਰਹਿੰਦਾ ਹੈ ਕਿਓਂਕਿ ਮੈਨੂੰ ਇਹ ਚੰਗਾ ਲਗਦਾ ਹੈ ਕਿਓਂਕਿ ਉਹਨੂੰ ਮੇਰੇ ਤੇ ਭਰੋਸ਼ਾ ਹੈ । ਇਹ ਵਿਖਾਉਂਦਾ ਹੈ ਕਿ ਉਹ ਮੈਨੂੰ ਆਪਣੀਆਂ ਭੇਡਾਂ ਦੇ ਸਾਹਮਣੇ ਲੈ ਕੇ ਨਹੀਂ ਆਵੇਗਾ ਜੇਕਰ ਉਹ ਸੋਚਦਾ ਹੈ ਕਿ ਮੈਂ ਉਹ ਦੀਆਂ ਭੇਡਾਂ ਦਾ ਨੁਕਸਾਨ ਕਰਾਂਗਾ । ਨਹੀਂ । ਕੋਈ ਚਰਵਾਹਾ ਇੰਝ ਨਹੀਂ ਕਰੇਗਾ । ਕਿਉਂਕਿ, ਉਹ ਸੋਚਦਾ ਹੈ ਕਿ ਮੈਂ ਉਹੀ ਕਰਾਂਗਾ ਜੋ ਠੀਕ ਹੈ । ਅਤੇ ਇਹ ਇੱਕ...ਉਹ...ਉਹ ਮੈਨੂੰ ਇੱਕ ਮਹਾਨ ਮੌਕਾ ਦਿੰਦਾ ਹੈ ਜਦੋਂ ਉਹ ਮੈਨੂੰ ਆਉਣ ਲਈ ਕਹਿੰਦਾ ਹੈ । ਅਤੇ ਮੈਨੂੰ ਉਹਦੇ ਮਕਸਦ ਚੰਗੇ ਲਗਦੇ ਹਨ, ਇਹ ਉਹ ਹੈ ਕਿ "ਰੁਕੇ ਰਹੋ ਜੱਦ ਤੱਕ ਹੋ ਨਾ ਜਾਵੇ" । ਇਹ ਇੱਕ ਵਿਸ਼ਵਾਸ ਦਾ ਪੁਰਖ ਹੈ ਅਤੇ ਮੈਨੂੰ ਇਹ ਚੰਗਾ ਲਗਦਾ ਹੈ ।

34 ਇਸ ਲਈ ਤੱਦ ਮੈਂ ਸੋਚਿਆ, "ਮੈਂ ਇਸ ਮੰਡਲੀ ਨੂੰ ਕੀ ਪ੍ਰਚਾਰ ਕਰਾਂਗਾ?" ਮੈ ਸੋਚਿਆ, "ਅੱਛਾ, ਉਹਨਾਂ ਨੂੰ ਹਰੇਕ ਚੀਜ ਵਿੱਚ ਸਿਖਲਾਈ ਦਿੱਤੀ ਗਈ ਹੈ, ਕੋਈ ਸ਼ੱਕ ਨਹੀਂ" । ਪਰ ਅੱਜ ਲੋਕਾਂ ਉੱਤੇ ਇੱਕ ਦਬਾਉ ਹੈ । ਅਤੇ ਉਸ ਦਬਾਉ ਦੀ ਕੋਈ ਸੀਮਾ ਨਹੀਂ ਜਾਂ ਕੋਈ ਸੰਸਥਾਗਤ ਸੀਮਾ ਨਹੀਂ ਹੈ । ਇਸ ਦੇ ਲਈ ਕੋਈ ਉਮਰ ਦੀ ਸੀਮਾ ਨਹੀਂ ਹੈ । ਇਹ ਕਿਸੇ ਦਾ ਲਿਹਾਜ ਨਹੀਂ ਕਰਦਾ । ਇਹ ਜਵਾਨ ਅਤੇ ਬੁੱਢੇ, ਚੰਗੇ ਅਤੇ ਬੁਰੇ ਉੱਤੇ ਹੈ । ਇਹ ਹਰ ਕਿਸੇ ਤੇ ਹੈ: ਦਬਾਉ ।

35 ਅਸੀਂ ਇੱਕ ਦਿਮਾਗੀ ਪਰੇਸ਼ਾਨੀ ਦੇ ਯੁੱਗ ਵਿੱਚ ਜੀ ਰਹੇ ਹਾਂ । ਹਰ ਕੋਈ *ਇਥੇ* ਦੋੜ ਰਿਹਾ ਹੈ ਅਤੇ *ਉਥੇ* ਜਾ ਰਿਹਾ ਅਤੇ ਪਰ ਜਾ ਕਿਤੇ ਵੀ ਨਹੀ ਰਿਹਾ । ਇਹ ਬੱਸ ਇਸੇ ਹੀ ਤਰ੍ਹਾਂ ਦਾ ਯੁੱਗ ਹੈ । ਅਤੇ ਮੈਂ ਜਾਣਦਾ ਹਾਂ ਕਿ ਇਹ ਕਲੀਸਿਯਾ ਇਸ ਨਾਲ ਗ੍ਰਸਤ ਹੈ ਜਿਵੇਂ ਹਰ ਜਗਾ ਇਸ ਨਾਲ ਗ੍ਰਸਤ ਹੈ । ਡੇਰਾ ਇਸ ਨਾਲ ਗ੍ਰਸਤ ਹੈ, ਇਹ ਹਰ ਜਗਾ ਹੈ, ਪੂਰੇ ਸੰਸਾਰ ਵਿਚ ਹੈ ।

36 ਇਹ ਇੱਕ ਦਬਾਉ ਦਾ ਦਿਨ ਹੈ । ਜਲਦੀ, ਜਲਦੀ; ਜਲਦੀ, ਜਲਦੀ; ਜਲਦੀ ਕਰੋ ਅਤੇ ਇੰਤਜ਼ਾਰ ਕਰੋ । ਨੱਬੇ ਮੀਲ ਪ੍ਰਤੀ ਘੰਟੇ ਦੀ ਰਫਤਾਰ ਨਾਲ

ਗੱਡੀ ਚਲਾਓ ਅਤੇ ਫਿਰ ਰਾਤ ਦੇ ਖਾਣੇ ਦੇ ਲਈ ਘਰ ਪਹੁੰਚੋ ਅਤੇ ਫਿਰ ਦੋ ਘੰਟੇ ਤੱਕ ਇਹਦੇ ਤਿਆਰ ਹੋਣ ਦੇ ਲਈ ਉਡੀਕ ਕਰੋ । ਇਹ ਠੀਕ ਹੈ । ਇਹ ਇੱਕ ਸਮਾਂ ਹੈ । ਅਤੇ ਉਸ ਜਲਦਬਾਜ਼ੀ ਅਤੇ ਰਫਤਾਰ ਵਿਚ, ਇਹ ਤੁਹਾਨੂੰ ਇੱਕ ਦਿਮਾਗੀ ਪਰੇਸ਼ਾਨੀ ਹਾਲਤ ਵਿੱਚ ਲੈ ਆਉਂਦਾ ਹੈ । ਪਤਨੀ ਇੱਕ ਥੋੜੀ ਜਿਹੀ ਉਲਟ ਗੱਲ ਕਰਦੀ ਹੈ; ਤੁਸੀਂ ਭੱਜਣਾ ਚਾਹੁੰਦੇ ਹੋ: ਗੁੱਸਾ । ਪਤੀ ਕੁਝ ਕਹਿੰਦਾ ਹੈ ਤੁਸੀਂ ਆਪਣੇ ਪੈਰਾਂ ਨੂੰ ਪਟਕਦੀਆਂ ਹੋ ਅਤੇ ਉਹਨੂੰ ਆਖੋਗੇ ਕਿ ਕਮਰੇ ਵਿੱਚ ਚਲਿਆ ਜਾ । ਵੇਖਿਆ? "ਅੱਛਾ, ਹੁਣ, ਪਤੀ, ਮੈਂ ਤੇਰੇ ਨਾਲ ਗਲ ਨਹੀਂ ਕਰਨਾ ਚਾਹੁੰਦੀ । ਪਰਾਂ ਚਲਾ ਜਾ" ।

37 "ਪਤਨੀ, ਔਹ, ਮੈਂ ਬਹੁਤ ਬੇਚੈਨ ਹਾਂ" । ਸਮਝੇ? ਕਿਓਂ? ਮਾਮਲਾ ਕੀ ਹੈ? ਵੇਖਿਆ?

38 ਇਹ ਸਭ ਕੁਝ ਮਿਲਾ ਕੇ ਤਣਾਉ ਵਧਦਾ ਜਾਂਦਾ ਹੈ ਤੇ ਫਿਰ ਇਸ ਦਾ ਨਤੀਜਾ ਇਹ ਹੁੰਦਾ ਹੈ: ਕੁਝ ਗਲਤ ਕਰਨਾ ਅਤੇ ਅਨੁਚਿਤ ਵਿਹਾਰ ਕਰਨਾ । ਇਹ ਠੀਕ ਹੈ । ਹੁਣ, ਇਹ ਗਰੀਬ ਤੋਂ ਅਜਿਹਾ ਵਿਹਾਰ ਕਰਾਵੇਗਾ । ਇਹ ਮੱਧਮ ਵਰਗ ਤੋਂ ਅਜਿਹਾ ਵਿਹਾਰ ਕਰਾਵੇਗਾ । ਇਹ ਅਮੀਰ ਤੋਂ ਅਜਿਹਾ ਵਿਹਾਰ ਕਰਾਵੇਗਾ । ਇਹ ਗਲਤ ਲੋਕਾਂ ਤੋਂ ਅਜਿਹਾ ਵਿਹਾਰ ਕਰਾਵੇਗਾ । ਇਹ ਚੰਗੇ ਲੋਕਾਂ ਤੋਂ ਵੀ ਅਜਿਹਾ ਵਿਹਾਰ ਕਰਾਵੇਗਾ । ਇਹ ਚੰਗੇ ਤੋਂ ਵੀ ਅਜਿਹਾ ਵਿਹਾਰ ਕਰਾਵੇਗਾ । ਕਿਓਂਕਿ ਇਹ ਤਣਾਉ ਹੈ, ਭਾਫ਼ ਵਾਂਗ ਬਣਿਆ ਹੋਇਆ । ਇਸ ਨੂੰ ਕਿਤੇ ਤਾਂ ਬਾਹਰ ਕਢਣਾ ਹੀ ਹੈ । ਸਮਝੇ? ਤੁਸੀਂ ਨਹੀਂ ਕਰੋਗੇ ਤਾਂ ਇਹ ਬਾਇਲਰ ਨੂੰ ਫਾੜ ਦਵੇਗਾ ।

39 ਹੁਣ, ਸਾਨੂੰ ਪਤਾ ਲਗਦਾ ਹੈ । ਜਿਵੇਂ ਜਿਵੇਂ ਦਿਨ ਬੀਤਦਾ ਹੈ ਇਹ ਬਣਦਾ ਜਾਂਦਾ ਹੈ । ਜੇਕਰ ਤੁਸੀਂ ਕੰਮ ਕਰਦੇ ਹੋ ਤਾਂ ਆਪਣੇ ਮਾਲਕ ਨਾਲ ਗਲ ਕਰਦੇ ਹੋ, "ਔਹ, *ਫਲਾਣਾ-ਫਲਾਣਾ!*" ਅਤੇ ਜੇ ਤੁਸੀਂ ਬਚਿਆਂ ਨਾਲ ਬੋਲਦੇ ਹੋ, "ਇਥੇ ਆਓ!"

"ਮਾਂ! ਮੈਂ..." ਸਮਝੇ?

ਇਥੇ ਹੋ ਤੁਸੀਂ । ਇਹ ਵੱਧਦਾ ਜਾਂਦਾ ਹੈ । ਔਹ! ਮੇਰੇ! ਸਮਝੇ? ਤੁਹਾਨੂੰ ਲਗਦਾ ਹੈ ਕਿ ਤੁਸੀਂ...ਤੁਹਾਡਾ ਦਿਮਾਗ ਬਾਹਰ ਆ ਜਾਵੇਗਾ । ਮੈਂ ਜਾਣਦਾ ਹਾਂ । ਇਹ ਮੇਰੇ ਨਾਲ ਹਰ ਦਿਨ ਹੁੰਦਾ ਹੈ ਇਸ ਲਈ ਮੈਂ ਜਾਣਦਾ ਹਾਂ ਕਿ ਇਹਦਾ ਕੀ ਮਤਲਬ ਹੈ । ਇਹ ਵੱਧਦਾ ਜਾਂਦਾ ਹੈ । ਮੈਂ...

40 ਉਸ ਰਾਤ ਇਹਦੇ ਬਾਰੇ ਸੋਚਿਆ । ਮੈਂ ਕਿਸੇ ਹਸਪਤਾਲ ਵਿੱਚ ਸੀ । ਅਤੇ ਸਾਡਾ ਪਾਸਟਰ, ਮੈਂ ਸੋਚਿਆ ਕਿ ਉਹ ਬੀਮਾਰ ਸੀ ਪਰ ਉਹ ਬੱਸ ਥਕਿਆ ਹੋਇਆ ਸੀ । ਦੋੜ ਦੋੜ ਕੇ, ਦੋੜ ਦੋੜ ਕੇ ਬੱਸ ਉਹ ਥੱਕ ਗਿਆ ਸੀ । ਅਤੇ

ਉਹਨਾਂ ਵਿਚੋਂ ਕੁਝ ਨੇ ਕਿਹਾ, ਉਹਨਾਂ ਨੇ ਉਹਦੇ ਦਫਤਰ ਵਿੱਚ ਟੈਲੀਫੋਨ ਕੀਤਾ ਅਤੇ ਪੁਛਿਆ ਕੀ ਮੈਂ ਉਹ ਦੀ ਜਗ੍ਹਾ ਤੇ ਜਾਵਾਂਗਾ। ਅੱਛਾ, ਮੈਂ ਸਾਰਾ ਦਿਨ ਕੰਮਾਂ ਵਿੱਚ ਅਤੇ ਵੱਖ ਵੱਖ ਜਗ੍ਹਾਵਾਂ ਤੋਂ ਸੇਵਕਾਂ ਨਾਲ ਰੁਝਿਆ ਰਿਹਾ ਸੀ। ਮੈਂ ਕਿਹਾ, "ਹਾਂ"। ਅੱਛਾ, ਮੈਂ ਉਹਦੀ ਜਗਾ ਤੇ ਜਾਵਾਂਗਾ।

41 ਅਤੇ ਮੈਂ ਇੱਕ ਹਸਪਤਾਲ ਵਿੱਚ ਗਿਆ। ਤੇ ਉਹਨਾਂ ਨੇ ਮੈਨੂੰ ਇੱਕ ਔਰਤ ਦਾ ਨਾਮ ਦਿੱਤਾ ਅਤੇ ਇੱਕ ਨੰਬਰ ਜਿਥੇ ਉਹ ਸੀ। ਮੈਂ ਉਹਦੇ ਕਮਰੇ ਵਲ ਗਿਆ। ਮੈਂ ਉਸ ਔਰਤ ਕੋਲ ਗਿਆ। ਅਤੇ ਮਿਲਣ ਆਉਣ ਵਾਲਿਆਂ ਦਾ ਸਮਾਂ ਖਤਮ ਹੋਣ ਵਿੱਚ ਪੰਦਰਾਂ ਜਾਂ ਵੀਹ ਮਿੰਟ ਪਏ ਸਨ। ਇਸ ਲਈ ਮੈਂ ਗਿਆ ਅਤੇ ਉਸ ਔਰਤ ਨੂੰ ਦੱਸਿਆ ਕਿ ਮੈਂ ਇੱਕ ਸੇਵਕ ਹਾਂ ਮੈਂ ਇੱਕ ਫਲਾਣੀ ਫਲਾਣੀ ਔਰਤ ਨੂੰ ਮਿਲਣਾ ਚਾਹੁੰਦਾ ਹਾਂ। ਉਹਨੇ ਮੇਰੇ ਚਿਹਰੇ ਵਲ ਵੇਖਿਆ। ਅਤੇ ਉਹ ਕੁਝ ਕਰ ਰਹੀ ਸੀ। ਪਹਿਲਾਂ ਉਹ ਨੇ ਮੁੜ੍ਹ ਕੇ ਵੇਖਿਆ ਅਤੇ ਕਿਹਾ, "ਤੈਨੂੰ ਕੀ ਚਾਹੀਦਾ ਹੈ?"

ਮੈਂ ਕਿਹਾ, "ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ *ਫਲਾਣੀ ਫਲਾਣੀ* ਔਰਤ ਕਿਥੇ ਹੈ"।

ਉਹਨੇ ਕਿਹਾ, "ਮੈਂ ਨਹੀਂ ਜਾਣਦੀ"।

ਮੈਂ ਕਿਹਾ, "ਅੱਛਾ, ਮੈਨੂੰ ਇੱਕ ਨੰਬਰ ਦਿੱਤਾ ਗਿਆ ਹੈ ਪਰ ਮੈਂ ਸੋਚਿਆ ਕਿ ਪਹਿਲਾਂ ਪੁਛ ਲਵਾਂ"।

ਉਹਨੇ ਕਿਹਾ, "ਅੱਛਾ, ਜੇ ਤੇਰੇ ਕੋਲ ਨੰਬਰ ਹੈ ਤਾਂ ਜਾ ਕੇ ਵੇਖ ਲੈ"।

"ਤੁਹਾਡਾ ਧੰਨਵਾਦ"।

ਮੈਂ ਉਥੇ ਗਿਆ ਅਤੇ ਵਾਰਡ ਦੇ ਬੂਹੇ ਕੋਲ ਖਲੋ ਗਿਆ। ਮੈਂ ਕਿਹਾ, "ਕੀ ਇਥੇ ਇੱਕ ਫਲਾਣੇ ਫਲਾਣੇ ਨਾਂ ਦੀ ਔਰਤ ਹੈ"?

"ਨਹੀਂ"।

ਅੱਛਾ, ਮੈਂ ਪਿਛਾਂਹ ਗਿਆ ਅਤੇ ਆਪਣੀ ਟਿਕਟ ਉੱਤੇ ਵੇਖਿਆ। ਉਹਨਾਂ ਨੇ ਇਥੇ ਹੀ ਦੱਸਿਆ ਸੀ। ਇਸ ਲਈ ਮੈਂ ਪਿਛਾਂਹ ਗਿਆ ਅਤੇ ਇੱਕ ਔਰਤ ਉਥੇ ਖੜੀ ਸੀ। ਮੈਂ ਕਿਹਾ, "ਇਹ ਗਲਤ ਨੰਬਰ ਸੀ"।

"ਤੁਸੀਂ ਉਹਦਾ ਕੀ ਨਾਮ ਦੱਸਿਆ ਸੀ?" ਮੈਂ ਕਿਹਾ। ਉਹਨੇ ਕਿਹਾ, "ਉਹ ਇਸ ਮੰਜਲ ਉੱਤੇ ਨਹੀਂ ਹੈ"।

"ਧੰਨਵਾਦ" ਮੈਂ ਆਖਿਆ, "ਤਾਂ ਮੈਂ ਹੁਣ ਉਪਰ ਜਾਵਾਂਗਾ"।

ਇਸ ਲਈ, ਮੈਂ ਅਗਲੇ ਕਮਰੇ ਵਿੱਚ ਗਿਆ। ਅਤੇ ਮੈਂ ਗਿਆ...ਪਹਿਲੇ, ਉਥੇ ਇੱਕ ਡਾਕਟਰ ਡੈਸਕ ਉੱਤੇ ਬੈਠਾ ਹੋਇਆ ਸੀ ਅਤੇ ਉਥੇ ਬੈਠ ਕੇ ਆਪਣਾ

ਸਿਰ ਖੁਰਕ ਰਿਹਾ ਸੀ। ਮੈਂ ਕਿਹਾ, "ਤੁਹਾਡਾ ਕੀ ਹਾਲ ਹੈ?" ਉਹਨੇ ਬੱਸ ਉਪਰ ਵੇਖਿਆ ਅਤੇ ਫਿਰ ਹੇਠਾਂ ਵੇਖਣ ਲਗਾ।

ਅੱਛਾ, ਮੈਂ ਸੋਚਿਆ, "ਬਿਹਤਰ ਹੋਵੇਗਾ ਕਿ ਮੈਂ ਉਹਨੂੰ ਇੱਕਲਾ ਛੱਡ ਦੇਵਾਂ"।

ਇਸ ਲਈ ਮੈਂ ਥੋੜਾ ਜਿਹਾ ਹੋਰ ਅਗੇ ਗਿਆ ਅਤੇ ਇੱਕ ਔਰਤ ਨੂੰ ਡੈਸਕ ਉੱਤੇ ਵੇਖਿਆ ਜੋ ਨਰਸ ਸੀ। ਮੈਂ ਕਿਹਾ, "ਮੁਆਫ ਕਰਨਾ"।

ਉਹਨੇ ਕਿਹਾ, "ਤੁਸੀਂ ਕੀ ਚਾਹੁੰਦੇ ਹੋ?"

ਅਤੇ ਮੈਂ ਕਿਹਾ, "ਕੀ ਇਥੇ ਕੋਈ *ਫਲਾਣੇ ਫਲਾਣੇ* ਨਾ ਦੀ ਕੋਈ ਔਰਤ ਹੈ?"

ਅਤੇ ਉਹਨੇ ਕਿਹਾ, "ਮੈਂ ਨਹੀਂ ਜਾਣਦੀ"। ਅਤੇ ਮੈਂ ਕਿਹਾ...ਉਹਨੇ ਕਿਹਾ...

ਮੈਂ ਕਿਹਾ, "ਮੈਨੂੰ ਇੱਕ ਕਮਰੇ ਦਾ ਨੰਬਰ ਦਿੱਤਾ ਗਿਆ ਸੀ 321 ਜਾਂ 221"। ਅਤੇ ਮੈਂ ਕਿਹਾ, "ਮੈਂ ਉਸ ਕਮਰੇ ਵਿੱਚ ਗਿਆ ਅਤੇ ਉਥੇ ਕੋਈ ਵੀ ਨਹੀਂ ਸੀ। ਅਤੇ ਉਸ ਔਰਤ ਨੇ ਕਿਹਾ, 'ਇਸ ਨਾਮ ਦੀ ਇਥੇ ਕੋਈ ਔਰਤ ਨਹੀਂ ਹੈ ਇਸਲਈ,' ਕਿਹਾ, 'ਹੋ ਸਕਦਾ ਹੈ ਕਿ ਇਹ ਉਪਰ ਹੋਵੇ'"।

ਅਤੇ ਉਹਨੇ ਕਿਹਾ, "ਅੱਛਾ, ਫੇਰ ਤੁਸੀਂ 321 ਵਿੱਚ...ਕਿਓਂ ਨਹੀਂ ਜਾਂਦੇ"।

ਮੈਂ ਕਿਹਾ, "ਧੰਨਵਾਦ"।

ਮੈਂ ਹੇਠਾਂ 321 ਵਿੱਚ ਗਿਆ, ਮੈਂ...ਜਾਂ ਦੋ ਸੋ ਇੱਕੀ...321। ਮੈਂ ਕਿਹਾ, "ਕੀ ਇਥੇ ਫਲਾਣੇ ਫਲਾਣੇ ਨਾਮ ਦੀ ਕੋਈ ਔਰਤ ਹੈ?"

"ਨਹੀਂ"।

ਉਥੇ ਇੱਕ ਔਰਤ ਲੇਟੀ ਹੋਈ ਸੀ, ਉਸਨੇ ਕਿਹਾ, "ਉਹ ਉਸ ਕਮਰੇ ਤੋਂ ਪਾਰ ਹੈ, ਕਿਸੇ ਹੋਰ ਕਮਰੇ ਵਿੱਚ ਹੈ, ਇੱਕਤੀ"।

ਕਿਹਾ, "ਧੰਨਵਾਦ, ਔਰਤ"।

ਮੈਂ ਤੁਰ ਕੇ ਗਿਆ ਅਤੇ ਕਿਹਾ, "ਕੀ *ਫਲਾਣੀ ਫਲਾਣੀ* ਔਰਤ ਇਥੇ ਹੈ?"

"ਨਹੀਂ। ਉਹ ਉਸ ਨੂੰ ਬਾਹਰ ਲੈ ਗਏ। ਉਹ ਹੇਠਾਂ ਹੈ"।

ਮੈਂ ਸੋਚਿਆ, "ਔਹ, ਮੇਰੇ!"

ਮੈਂ ਫਿਰ ਹੇਠਾਂ ਗਿਆ। ਮੈਂ—ਮੈਂ...ਅਤੇ ਉਹ...ਉਹਨਾਂ ਨੇ ਮੈਨੂੰ ਕਮਰਾ ਨੰਬਰ ਦਿੱਤਾ ਸੀ। ਅਤੇ ਮੈਂ ਹੇਠਾਂ ਗਿਆ ਅਤੇ ਹਰ ਜਗਾ ਵੇਖਿਆ...ਮੈਂ ਫਿਰ ਤੋਂ ਡੈਸਕ ਤੇ ਜਾਣ ਤੋਂ ਡਰ ਰਿਹਾ ਸੀ। ਇਸ ਲਈ ਮੈਂ ਉਪਰ ਥਲੇ ਵੇਖ ਰਿਹਾ

ਸੀ ਅਤੇ ਕਮਰਾ ਲਭਣ ਦੀ ਕੋਸ਼ਿਸ ਕਰ ਰਿਹਾ ਸੀ । ਅਤੇ ਮੈਂ ਵੇਖਿਆ ਪਰ ਲਭ ਨਾ ਸਕਿਆ ।

ਉਹਨਾਂ ਨੇ ਹਸਪਤਾਲ ਨੂੰ ਛੋਟੇ ਛੋਟੇ ਹਿੱਸਿਆ ਵਿੱਚ ਵੰਡਿਆ ਹੋਇਆ ਸੀ । ਤੇ ਫਿਰ ਇਹ ਡਾਕਟਰ ਤੁਰਦਾ ਹੋਇਆ ਆਇਆ ਉਹਦੇ ਹੱਥ ਵਿੱਚ ਉਹਦਾ ਬੈਗ ਅਤੇ ਸਟੈਥੋਸਕੋਪ ਸੀ । ਅਤੇ ਮੈਂ ਕਦੇ ਵੀ ਚਾਰ ਫੁੱਟ ਲਮਾਂ ਅਤੇ ਚਾਰ ਫੁੱਟ ਚੋੜਾ ਆਦਮੀ ਨਹੀਂ ਵੇਖਿਆ ਪਰ ਉਹ ਬੱਸ ਲਗ ਰਿਹਾ ਸੀ...ਉਹ ਤੁਰਦਾ ਹੋਇਆ ਜਾ ਰਿਹਾ ਸੀ । ਮੈਂ ਕਿਹਾ, "ਸ਼ਾਮ ਮੁਬਾਰਕ ਹੋਵੇ, ਸ੍ਰੀਮਾਨ । ਕੀ ਤੁਸੀਂ ਮੈਨੂੰ ਦੱਸ ਸਕਦੇ ਹੋ ਕਿ ਫਲਾਣਾ ਫਲਾਣਾ ਕਮਰਾ ਕਿਥੇ ਹੈ?"

ਉਹਨੇ ਕਿਹਾ, "ਉਪਰ ਜਾ ਕੇ *ਇਸ* ਪਾਸੇ ਅਤੇ ਬਾਹਰ ਜਾ ਕੇ *ਉਸ* ਪਾਸੇ" ।

ਮੈਂ ਕਿਹਾ, "ਤੁਹਾਡੀ ਜਾਣਕਾਰੀ ਦੇ ਲਈ ਧੰਨਵਾਦ" । ਇਹ ਸਚ ਹੈ । ਉਹਨੇ ਕਿਹਾ, "ਉਪਰ ਜਾ ਕੇ *ਇਸ* ਪਾਸੇ ਅਤੇ ਬਾਹਰ ਜਾ ਕੇ *ਉਸ* ਪਾਸੇ" ।

ਅਤੇ ਮੈਂ ਕਿਹਾ, "ਧੰਨਵਾਦ!" ਮੈਂ ਸੋਚਿਆ, "ਅਜੇ ਤੱਕ ਮੈਨੂੰ ਕਿਤੇ ਵੀ ਨਹੀਂ ਮਿਲਿਆ" ।

42 ਮੈਂ ਪਿਛਾਂਹ ਵੇਖਿਆ ਅਤੇ ਡੈਸਕ ਉੱਤੇ ਇੱਕ ਦਯਾਲੂ ਜਿਹੀ ਔਰਤ ਬੈਠੀ ਸੀ । ਮੈਂ ਉਸ ਕੋਲ ਗਿਆ ਅਤੇ ਕਿਹਾ, "ਸ਼ਾਮ ਮੁਬਾਰਕ" ।

ਉਹਨੇ ਕਿਹਾ, "ਤੁਹਾਡਾ ਕੀ ਹਾਲ ਹੈ?"

43 ਮੈਂ ਕਿਹਾ, "ਮੈਂ ਬਹੁਤ ਉਲਝਣ ਵਿੱਚ ਹਾਂ" । ਅਤੇ ਮੈਂ ਉਹਨੂੰ ਆਪਣੀ ਕਹਾਣੀ ਸੁਣਾਈ । ਮੈਂ ਕਿਹਾ, "ਇਥੇ ਇੱਕ ਔਰਤ ਹੈ ਜਿਹਦਾ ਇਸ ਸਵੇਰੇ ਅਪ੍ਰੇਸ਼ਨ ਹੈ ਅਤੇ ਉਹ ਮੌਤ ਦੇ ਨੇੜੇ ਹੈ । ਮੈਂ ਇੱਕ ਸੇਵਕ ਹਾਂ ਅਤੇ ਸਾਡਾ ਪਾਸਟਰ ਨਹੀਂ ਆ ਸਕਦਾ ਅਤੇ ਉਹਨਾਂ ਨੇ ਮੈਨੂੰ ਇਹ ਨੰਬਰ ਦਿੱਤਾ ਹੈ" ।

ਉਹਨੇ ਕਿਹਾ, "ਬੱਸ ਇੱਕ ਮਿੰਟ, ਭਾਈ ਬ੍ਰਾਨਹਾਮ, ਮੈਂ ਲਭਦੀ ਹਾਂ" । ਉਹ...

"ਅੱਛਾ, ਮੈਂ ਪਰਮੇਸ਼ੁਰ ਦਾ ਧੰਨਵਾਦ ਕੀਤਾ" ।

ਉਹਨੇ ਸਭ ਕੁਝ ਹੇਠਾਂ ਰਖਿਆ ਅਤੇ ਉਥੇ ਗਈ ਅਤੇ...

"ਔਹ" ਉਹਨੇ ਕਿਹਾ, "ਹਾਂ, ਭਾਈ ਬ੍ਰਾਨਹਾਮ, ਉਹ ਫਲਾਣੇ ਫਲਾਣੇ ਕਮਰੇ ਵਿੱਚ ਹੈ,ਤੁਹਾਡੇ ਖਬੇ ਪਾਸੇ ਤੇ ਫਿਰ ਉਥੋਂ ਸੱਜੇ" ।

44 ਮੈਂ ਕਿਹਾ, "ਤੁਹਾਡਾ ਬਹੁਤ ਬਹੁਤ ਧੰਨਵਾਦ" । ਮੈਂ ਮੁੜਿਆ ਅਤੇ ਵੇਖਣ ਲਗਾ ।

45 ਮੈਂ ਸੋਚਿਆ, "ਇਹੀ ਹੈ, ਦਬਾਉ ਤੋਂ ਮੁਕਤ ਹੋਣਾ" । ਹਰ ਕੋਈ...ਇਹ ਬੱਸ ਇੱਕ ਦਿਮਾਗੀ ਰੋਗ ਦਾ ਯੁੱਗ ਬਣਦਾ ਜਾ ਰਿਹਾ ਹੈ । ਹਰਕੋਈ ਦਬਾਅ ਹੇਠ ਹੈ । ਸਮਾਂ ਹੀ ਨਹੀਂ ਹੈ । ਅਤੇ ਇਹ ਏਥੋਂ ਤੱਕ ਬਣ ਜਾਂਦਾ ਹੈ ਕਿ ਇਹ ਚੀਜਾਂ ਨੂੰ ਤੋੜਦਾ ਹੈ । ਇਹ ਦੇ ਕਾਰਨ ਲੋਕਾਂ ਦੀਆਂ ਭਾਵਨਾਂਵਾਂ ਸਖਤ ਹੋ ਗਈਆਂ ਹਨ, ਜੱਦ ਉਹ ਆਪਣੇ ਆਪ ਤੋਂ ਬਾਹਰ ਹੋ ਜਾਂਦੇ ਹਨ, ਅਤੇ ਤੁਸੀਂ ਉਹ ਗਲਾਂ ਕਹਿੰਦੇ ਹੋ ਜੋ ਤੁਸੀਂ ਨਹੀਂ ਕਹਿਣਾ ਚਾਹੁੰਦੇ ।

46 ਹੁਣ, ਹਰ ਕੋਈ ਇਹਦਾ ਦੋਸ਼ੀ ਹੈ । ਮੈਂ ਦੋਸ਼ੀ ਹਾਂ । ਤੁਸੀਂ ਦੋਸ਼ੀ ਹੋ । ਅਸੀਂ, ਦਬਾਅ ਹੇਠ ਆ ਕੇ ਉਹ ਕੰਮ ਕਰਦੇ ਹਾਂ ਜਿਹੜੇ ਅਸੀਂ ਆਮ ਤੋਰ ਤੇ ਨਹੀਂ ਕਰਦੇ, ਇਸ ਲਈ ਅੱਜ ਇਕ ਬਹੁਤ ਜਿਆਦਾ ਦਬਾਅ ਬਣ ਗਿਆ ਹੈ । ਮੈਂ ਵਿਸ਼ਵਾਸ ਕਰਦਾ ਹਾਂ...ਇਸ ਤੋਂ ਪਹਿਲਾਂ ਕਿ ਮੈਂ ਹੋਰ ਅਗੇ ਜਾਵਾਂ, ਮੈਂ ਇਹ ਕਹਾਂਗਾ । ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਦੁਸ਼ਮਣ ਹੈ ਜੋ ਹੇਠਾਂ ਆ ਗਿਆ ਹੈ ਤੇ ਦਬਾ ਰਿਹਾ ਹੈ । ਮੈਂ ਵਿਸ਼ਵਾਸ ਕਰਦਾ ਹਾਂ ਕਿ ਇਹ ਸ਼ਤਾਨ ਹੀ ਹੈ ।

47 ਅਤੇ ਅਸੀਂ ਜਾਣਦੇ ਹਾਂ ਕਿ ਪਰਮੇਸ਼ੁਰ ਦਾ ਆਉਣਾ ਨੇੜੇ ਹੈ । ਅਤੇ ਬਾਈਬਲ ਨੇ ਕਿਹਾ ਕਿ ਅੰਤ ਦੇ ਦਿਨਾਂ ਵਿੱਚ, "ਸ਼ਤਾਨ ਇੱਕ ਦਹਾੜਣ ਵਾਲੇ ਸ਼ੇਰ ਦੀ ਨਿਆਈਂ ਜਾਵੇਗਾ" । ਅਤੇ ਜੇ ਉਹ ਤੁਹਾਨੂੰ ਦਬਾਅ ਹੇਠ, ਜਲਦਬਾਜ਼ੀ, ਕਿਸੇ ਚੀਜ ਦੀ ਭੱਜ ਦੋੜ ਵਿੱਚ ਲਗਾ ਸਕੇ ਤਾਂ ਤੁਸੀਂ ਅਜਿਹੇ ਫੈਂਸਲੇ ਲਵੋਗੇ ਜਿਹੜੇ ਤੁਸੀਂ ਆਰਾਮ ਨਾਲ ਬੈਠ ਕੇ ਅਤੇ ਸੋਚ ਵਿਚਾਰ ਕਰਕੇ ਨਹੀਂ ਲਵੋਗੇ ।

48 ਲਗਭਗ ਤਿੰਨ ਸਾਲ ਪਹਿਲਾਂ ਮੈਂ ਸ਼ਿਕਾਰ ਤੇ ਗਿਆ ਅਤੇ ਮੇਰੇ ਨਾਲ ਇੱਕ ਇੰਡੀਅਨ ਮਾਰਗਦਰਸ਼ਕ ਸੀ । ਅਤੇ ਮੈਂ ਬਹੁਤ ਤੇਜ ਸ਼ਿਕਾਰ ਕਰਦਾ ਹਾਂ । ਇਹ ਬੱਸ, ਮੈਂ ਬੱਸ ਇੰਝ ਹੀ ਹਾਂ, ਤੁਸੀਂ ਸਮਝਦੇ ਹੋ ਜਿਵੇਂ ਇੱਕ ਤਰਾਂ ਦਾ ਦਬਾਅ ਬਣਾਉਣ ਵਾਲਾ ।

49 ਇਸ ਲਈ ਮੈਂ ਉਸ ਇੰਡੀਅਨ ਨਾਲ ਸ਼ਿਕਾਰ ਕਰ ਰਿਹਾ ਸੀ ਅਤੇ ਮੈਂ ਘੋੜੇ ਤੋਂ ਛਾਲ ਮਾਰ ਕੇ ਉੱਤਰ ਗਿਆ । ਅਤੇ ਉਥੇ ਉਪਰ ਪਹਾੜ ਉਤੇ ਕੁਝ ਹਿਰਨ ਸਨ ਅਤੇ ਮੈਂ ਮੋੜ੍ਹ ਦੇ ਨਾਲ ਨਾਲ ਤੁਰਨ ਲਗਾ । ਉਹ ਬਜੁਰਗ ਇੰਡੀਅਨ ਮੇਰੇ ਨਾਲੋਂ ਦੱਸ ਸਾਲ ਵੱਡਾ ਸੀ । ਉਹ ਹਫਿਆ ਹੋਇਆ ਮੇਰੇ ਪਿਛੇ ਆ ਰਿਹਾ ਸੀ । ਮੈਂ ਕਿਹਾ, "ਆਓ, ਚੀਫ਼ ਆਓ!"

ਉਹਨੇ ਕਿਹਾ, "ਬਹੁਤ ਤੇਜ ਹੈ! ਬਹੁਤ ਤੇਜ!"

ਮੈਂ ਸੋਚਿਆ, "ਔਹ, ਅੱਛਾ!" ਮੈਂ ਕਿਹਾ, "ਆਓ ਅਤੇ ਸ਼ੁਰੂ ਕਰੋ" ।

50 ਉਹਨੇ ਕਿਹਾ, "ਇਹ ਬਹੁਤ ਤੇਜ ਹੈ!" ਮੈਂ ਹੇਠਲੇ ਗਿਅਰ ਵਿੱਚ ਥੋੜਾ ਹੋਲੀ ਹੋ ਗਿਆ । "ਬਹੁਤ ਤੇਜ!" ਮੈਂ ਤੁਰਨ ਲਗਾ, "ਬਹੁਤ ਤੇਜ! ਔਹ, ਮੇਰੇ!

ਮੈਂ ਕਿਹਾ, "ਚੀਫ਼, ਹਿਰਨ ਉਥੇ ਹੈ!"

ਉਹਨੇ ਕਿਹਾ, "ਉਹ ਉਥੇ ਰਹਿੰਦਾ ਹੈ । ਉਹਦਾ ਜਨਮ ਉਥੇ ਹੀ ਹੋਇਆ ਸੀ" ।

ਮੈਂ ਕਿਹਾ, "ਮੇਰਾ ਅੰਦਾਜਾ ਹੈ ਕਿ ਇਹ ਠੀਕ ਹੈ" ।

"ਉਹ ਉਥੇ ਰਹਿੰਦਾ ਹੈ, ਉਹ ਦਾ ਜਨਮ ਉਥੇ ਹੀ ਹੋਇਆ ਸੀ" । ਉਹਨੇ ਕਿਹਾ, "ਪ੍ਰਚਾਰਕ ਬਹੁਤ ਤੇਜ ਸ਼ਿਕਾਰ ਕਰਦਾ ਹੈ, ਸਾਰੇ ਸ਼ਿਕਾਰ ਨੂੰ ਡਰਾ ਦਿੰਦਾ ਹੈ" ਕਿਹਾ, "ਇੰਡੀਅਨ ਵਾਂਗ ਕਰੋ । ਉਹ ਇੱਕ ਵਾਰ ਤੁਰਦੇ ਹਨ, ਨੋ ਵਾਰ ਵੇਖਦੇ ਹਨ" ।

51 ਅੱਛਾ, ਮੈਂ ਸੋਚ ਰਿਹਾ ਸੀ ਕਿ ਮੈਨੂੰ ਉਥੇ ਪਹੁੰਚਣ ਲਈ ਕਿਹੜੀ ਰਫਤਾਰ ਵਿੱਚ ਜਾਣਾ ਪਵੇਗਾ? ਜਦ ਕਿ ਮੈਂ ਪਹਾੜੀ ਦੇ ਉਪਰ ਪਹੁੰਚਣ ਦੇ ਲਈ ਦੋੜ ਰਿਹਾ ਸੀ । ਉਹਨੇ ਕਿਹਾ, "ਉਹਨਾਂ ਨੂੰ ਇੱਕ ਵਾਰ ਤੁਰਨ ਦਿਓ ਫਿਰ ਉਹਨੂੰ ਨੋ ਵਾਰੀ ਵੇਖੋ । ਚਾਰੇ ਪਾਸੇ ਵੇਖੋ, ਹਰੇਕ ਚੀਜ ਨੂੰ ਵੇਖੋ, ਨੋ ਵਾਰ ਇਸ ਤੋਂ ਪਹਿਲਾਂ ਕਿ ਉਹ ਅਗਲਾ ਕਦਮ ਚੁਕੇ" । ਔਹ, ਮੇਰੇ! ਪਰ, ਤੁਸੀਂ ਵੇਖਿਆ ਕਿ ਉਹ ਨੂੰ ਕੋਈ ਜਲਦਬਾਜ਼ੀ ਨਹੀਂ ਸੀ । ਮੈਂ ਇਸ ਬਾਰੇ ਸੋਚਿਆ ।

52 ਅਤੇ ਮੇਰੀ ਬਹੁਮੁੱਲੀ ਬਜੁਰਗ ਮਾਂ ਜੋ ਅੱਜ ਰਾਤ ਮਹਿਮਾ ਵਿੱਚ ਹੈ: ਕਿਸੇ ਨੇ ਕਿਹਾ, "ਤੂੰ ਅੱਜ ਇੱਕ ਚਿੱਟਾ ਫੁਲ ਕਿਓਂ ਨਹੀਂ ਲਗਾਉਂਦਾ ਜਿਹਦਾ ਅਰਥ ਹੈ ਕਿ ਤੇਰੀ ਮਾਂ ਮਰ ਚੁੱਕੀ ਹੈ?"

53 ਮੈਂ ਕਿਹਾ, "ਮੇਰੀ ਮਾਂ ਮਰੀ ਨਹੀਂ ਹੈ । ਮੇਰੀ ਮਾਂ ਜਿਉਂਦੀ ਹੈ" ।

ਅਤੇ ਫੇਰ ਮੈਂ ਇੱਕ ਲਾਲ ਫੁੱਲ ਲਗਾਉਂਦਾ ਹਾਂ ਅਤੇ ਲੋਕ ਕਹਿੰਦੇ ਸਨ, "ਮੈਂ ਸੋਚਦਾ ਹਾਂ ਕਿ ਤੁਹਾਡੀ ਮਾਂ ਮਰ ਗਈ ਸੀ" ।

ਇਸ ਲਈ ਉਹਨਾਂ ਨੂੰ ਉਲਝਣ ਵਿਚ ਪੈਣ ਤੋ ਬਚਾਉਣ ਲਈ ਅਤੇ ਹੋਰ ਜਿਆਦਾ ਦਬਾਉ ਨਾ ਬਣਾਉਣ ਲਈ ਮੈਂ ਇਹ ਸਾਰਾ ਕੁਝ ਛੱਡ ਦਿਤਾ । ਸਮਝੇ? ਉਹ ਮਰੀ ਨਹੀਂ ਹੈ । ਉਹ ਸੁੱਤੀ ਹੋਈ ਹੈ । ਉਹ ਮਸੀਹ ਦੇ ਨਾਲ ਹੈ ।

54 ਅਤੇ ਫੇਰ ਦਿਮਾਗੀ ਰੋਗ ਦਾ ਇਹ ਯੁੱਗ ਜਿਸ ਵਿੱਚ ਅਸੀਂ ਰਹਿ ਰਹੇ ਹਾਂ! ਅਤੇ ਤੁਸੀਂ ਜਾਣਦੇ ਹੋ ਕਿ ਇਹ ਸਭ ਕੁਝ ਦੇ ਵਿੱਚ, ਡਾਕਟਰਾਂ ਦੇ ਕੋਲ ਇਹਦਾ ਜਵਾਬ ਨਹੀਂ ਹੈ ਕਿਓਂਕਿ ਉਹ ਵੀ ਇਹ ਦੇ ਨਾਲ ਪੀੜਿਤ ਹਨ । ਉਹਨਾਂ ਕੋਲ ਜਵਾਬ ਨਹੀਂ ਹੈ । ਉਹ ਨਹੀਂ ਜਾਣਦੇ ਕਿ ਕੀ ਕਰਨਾ ਹੈ ।

ਤੁਸੀਂ ਕਹਿੰਦੇ ਹੋ, "ਔਹ, ਡਾਕਟਰ, ਮੈਂ—ਮੈਂ—ਮੇਰਾ ਸਿਰ ਹੁਣ ਫੱਟਣ ਵਾਲਾ ਹੈ । ਮੈਂ ਨਹੀਂ ਜਾਣਦਾ ਕਿ ਕੀ ਕਰਨਾ ਹੈ । ਮੈਂ...

"ਅੱਛਾ," ਉਹ ਕਹੇਗਾ, "ਮੈਂ ਵੀ । ਅੱਛਾ, ਤੁਸੀਂ ਕੁਝ ਵੀ ਨਹੀਂ ਕਰ ਸਕਦੇ", ਉਹ ਤੁਹਾਨੂੰ ਸ਼ਾਂਤ ਕਰਨ ਦੇ ਲਈ ਇੱਕ ਦਵਾਈ ਦਵੇਗਾ । ਜਦੋਂ ਉਹਦਾ ਅਸਰ ਲੱਥ ਜਾਂਦਾ ਹੈ ਤਾਂ ਤੁਸੀਂ ਪਹਿਲਾਂ ਨਾਲੋਂ ਵੀ ਜਿਆਦਾ ਬੇਚੈਨ ਹੋ ਜਾਂਦੇ ਹੋ; ਇੱਕ ਸ਼ਰਾਬੀ ਆਦਮੀ ਦੀ ਤਰਾਂ, ਥੋੜੀ ਹੋਰ ਪੀ ਰਹੇ ਹੋ ਤਾਂ ਕਿ ਆਪਣੀ ਨਸ਼ੇ ਉੱਤੇ ਕਾਬੂ ਪਾ ਸਕੋ । ਸਮਝੇ ਤੁਸੀਂ? ਇਸ ਲਈ ਤੁਸੀਂ ਇਹ ਨਹੀਂ ਕਰ ਸਕਦੇ । ਕੋਈ ਜਵਾਬ ਨਹੀਂ ਹੈ । ਉਹਨਾਂ ਕੋਲ ਇਹ ਨਹੀਂ ਹੈ

55 ਪਰ, ਪਰਮੇਸ਼ੁਰ ਕੋਲ ਜਵਾਬ ਹੈ । ਇਹੀ ਹੈ ਜਿਸ ਨੂੰ ਅਸੀਂ ਲੈਣਾ ਚਾਹੁੰਦੇ ਹਾਂ, ਗੱਲ ਕਰਨਾ ਚਾਹੁੰਦੇ ਹਾਂ ਤਾਂ ਕਿ ਜਵਾਬ ਲੈ ਸਕੀਏ । ਪਰਮੇਸ਼ੁਰ ਕੋਲ ਜਵਾਬ ਹੈ । ਉਹ ਹੀ ਜਵਾਬ ਹੈ । ਸਾਡੀ ਹਰੇਕ ਪਰੇਸ਼ਾਨੀ ਦਾ ਜਵਾਬ ਮਸੀਹ ਹੈ । ਹੁਣ, ਅਸੀਂ ਉਹਦੇ ਬਾਰੇ ਗਲ ਕਰਾਂਗੇ ।

56 ਹੁਣ, ਪੁਰਾਣੇ ਨੇਮ ਵਿੱਚ, ਉਦੋਂ ਇੱਕ ਸਮਾਂ ਸੀ ਜਦ ਇੱਕ ਆਦਮੀ ਦਬਾਉ ਨੂੰ ਬਣਾ ਸਕਦਾ ਸੀ ਅਤੇ ਇਹ ਉਦੋਂ ਹੁੰਦਾ ਸੀ ਜਦੋਂ ਉਹ ਕੁਝ ਗਲਤੀ ਕਰਦਾ ਸੀ । ਜੇਕਰ ਉਹਨੇ ਬੇਦੋਸ਼ੇ ਦਾ ਖ਼ੂਨ ਵਹਾਇਆ ਹੁੰਦਾ ਸੀ, ਅੱਛਾ, ਤਾਂ ਉਹ ਨੂੰ ਭੱਜਣਾ ਪੈਂਦਾ ਸੀ । ਕਿਉਂਕਿ ਜਿਵੇਂ ਹੀ ਉਸ ਆਦਮੀ ਨੇ ਕਿਸੇ ਨੂੰ ਮਾਰਿਆ ਜਾਂ ਕੁਝ ਗਲਤ ਕੀਤਾ ਤਾਂ ਜਿਸ ਆਦਮੀ ਨਾਲ ਉਹਨੇ ਗਲਤ ਕੀਤਾ ਤਾਂ ਉਹਦੇ ਕੁਝ ਲੋਕ ਉਹਨੂੰ ਲਭਦੇ ਸਨ ਜਦ ਤੱਕ ਉਹ ਮਿਲ ਨਹੀਂ ਜਾਂਦਾ ਸੀ ਅਤੇ ਫਿਰ ਉਥੇ ਉਹਨੂੰ ਮਾਰ ਦਿੰਦੇ ਸਨ । "ਇਹ ਦੰਦ ਦੇ ਬਦਲੇ ਦੰਦ ਅਤੇ ਅੱਖ ਦੇ ਬਦਲੇ ਅੱਖ ਸੀ" । ਅਤੇ ਤੁਸੀਂ ਵੇਖਦੇ ਹੋ ਕਿ ਉਸ ਮਨੁੱਖ ਕੋਲ ਰੁੱਕਣ ਲਈ ਕੋਈ ਥਾਂ ਨਹੀਂ ਹੁੰਦੀ ਸੀ ।

ਜੇ ਉਹਦੇ ਕੋਲੋਂ ਅਣਜਾਣੇ ਵਿੱਚ ਕੁਝ ਹੋ ਗਿਆ ਅਤੇ ਬੇਸੱਕ ਲੋਕ ਇਹਦਾ ਵਿਸ਼ਵਾਸ ਨਹੀਂ ਕਰਨਗੇ, ਤਾਂ ਉਹਨੂੰ ਭੱਜਣਾ ਪੈਂਦਾ ਸੀ । ਕਿਉਂਕਿ ਜਿਵੇਂ ਹੀ ਉਹਨੇ ਕੁਝ ਗਲਤ ਕੀਤਾ ਤਾਂ ਜਿਸ ਨਾਲ ਗਲਤ ਕੀਤਾ ਉਸ ਮਨੁੱਖ ਦੇ ਰਿਸ਼ਤੇਦਾਰ ਜਾਂ ਔਰਤ ਉਸ ਮਨੁੱਖ ਨੂੰ ਲਭਣਾ ਸ਼ੁਰੂ ਕਰ ਦਿੰਦੇ ਸਨ । ਅਤੇ ਜਦੋਂ ਉਹ ਉਨ੍ਹਾਂ ਨੂੰ ਮਿਲ ਜਾਂਦਾ ਸੀ ਤਾਂ, "ਇਹ ਦੰਦ ਦੇ ਬਦਲੇ ਦੰਦ ਅਤੇ ਅੱਖ ਦੇ ਬਦਲੇ ਅੱਖ ਹੁੰਦਾ ਸੀ" । ਉਹ ਇਸ ਤਰੀਕੇ ਨਾਲ ਹੀ ਜਿਉਂਦੇ ਸਨ ।

57 ਅਤੇ ਇਸ ਲਈ ਉਹ ਕਿਤੇ ਵੀ ਰੁੱਕ ਨਹੀਂ ਸੀ ਸਕਦਾ । ਉਹ ਭਗੋੜਾ ਹੁੰਦਾ ਸੀ । ਉਹ ਨੂੰ ਇਹ ਨਹੀਂ ਸੀ ਪਤਾ ਹੁੰਦਾ ਕਿ ਕੀ ਕਰਨਾ ਹੈ ਅਤੇ ਉਹ ਭੱਜਦਾ ਰਹਿੰਦਾ ਸੀ ।

ਇਹ ਅੱਜ ਦਾ ਇੱਕ ਨਮੂਨਾ ਹੈ । ਮੈਂ ਸੋਚਦਾ ਹਾਂ ਕਿ ਇਹੀ ਹੈ ਜੋ ਇੰਨਾ ਸਾਰੇ ਦਬਾਅ ਦਾ ਕਾਰਨ ਹੈ । ਅਸੀਂ ਦੋੜ ਰਹੇ ਹਾਂ । ਸੰਸਾਰ ਨਾਲ ਇਹੀ ਮਾਮਲਾ ਹੈ, ਉਹ ਜਾਣਦੇ ਹਨ ਕਿ ਉਹ ਗਲਤ ਹਨ । ਉਹ ਜਾਣਦੇ ਹਨ ਕਿ

ਪਰਮੇਸ਼ੁਰ ਦਾ ਆਉਣਾ ਨੇੜੇ ਹੈ ਅਤੇ ਦਬਾਅ ਵੱਧਦਾ ਜਾ ਰਿਹਾ ਹੈ । ਅਤੇ ਉਹ ਦੋੜ ਰਹੇ ਹਨ; ਸਰਾਂ, ਜੁਆਰੀਆਂ ਦੇ ਅੱਡੇ, ਭੋਗ ਵਿਲਾਸ, ਪਾਪ, ਨੈਤਿਕ ਪਤਨ, ਕੋਈ ਵੀ ਚੀਜ ਕਰ ਸਕਣ । ਟੈਲੀਵਿਜ਼ਨ ਤੇ ਗੰਦੇ ਚੁਟਕਲੇ ਅਤੇ ਕੁਝ ਵੀ ਸੁਣਦੇ ਹਨ । ਉਹ ਦੋੜ ਰਹੇ ਹਨ । ਕੁਝ ਹੋਣ ਜਾ ਰਿਹਾ ਹੈ । ਉਹ ਇਹ ਜਾਣਦੇ ਹਨ ਪਰ ਸ਼ਰਾਬ ਪੀ ਕੇ ਆਪਣੇ ਆਪ ਨੂੰ ਮਾਰ ਰਹੇ ਹਨ, ਭੋਗ ਵਿਲਾਸ ਅਤੇ ਸਭ ਚੀਜਾਂ ਨਾਲ ਦੋੜ ਰਹੇ ਹਨ ।

58 ਉਹ ਜਾਣਦੇ ਹਨ ਕਿ ਕੁਝ ਹੋਣ ਜਾ ਰਿਹਾ ਹੈ । ਸੰਸਾਰ ਇਹਦੇ ਬਾਰੇ ਬੋਲ ਰਿਹਾ ਹੈ । ਅਸੀਂ ਜਾਣਦੇ ਹਾਂ ਕਿ ਕੁਝ ਹੋਣ ਦੀ ਤਿਆਰੀ ਹੋ ਰਹੀ ਹੈ । ਹੋ ਸਕਦਾ ਹੈ ਕਿ ਇਸ ਸੰਸਾਰ ਨੂੰ ਦਿਨ ਚੜ੍ਹਨ ਤੋਂ ਪਹਿਲਾਂ ਨਾਸ ਕਰ ਦਿੱਤਾ ਜਾਵੇ । ਹਰੇਕ ਦੇਸ਼ ਤਣਾਉ ਹੇਠ ਹੈ । ਕਿਓਂ?

59 ਇੱਕ ਵਾਰ ਮੈਂ ਅਫਰੀਕਾ ਵਿੱਚ ਸੀ ਅਤੇ ਮੈਂ ਇੱਕ ਭੇਡ ਨੂੰ ਚਰਦੇ ਹੋਏ ਵੇਖ ਰਿਹਾ ਸੀ । ਇਹ ਇੱਕ ਮੇਮਨਾ ਸੀ, ਔਹ, ਇੱਕ ਅਧੀ ਕੁ ਉਮਰ ਦਾ ਮੇਮਨਾ । ਅਤੇ ਉਹ ਛੋਟਾ ਜਿਹਾ ਮੇਮਨਾ ਬੜੀ ਸ਼ਾਂਤੀ ਨਾਲ ਖਾ ਰਿਹਾ ਸੀ ਅਤੇ ਅਚਾਨਕ ਹੀ ਉਹ ਬੇਚੈਨ ਹੋ ਗਿਆ । ਅਤੇ ਉਹ ਇੱਕ ਚੱਕ ਮਾਰਦਾ ਤੇ ਚੁਫੇਰੇ ਵੇਖਦਾ । ਉਹ ਇਕ ਚੱਕ ਮਾਰਦਾ । ਜਦੋਂ, ਉਹ ਸ਼ਾਂਤ ਸੀ । ਮੈਂ ਉਹਨੂੰ ਵੇਖ ਰਿਹਾ ਸੀ । ਉਹ ਬਹੁਤ ਸ਼ਾਂਤ ਦਿੱਸ ਰਿਹਾ ਸੀ । ਮੈਂ ਸੋਚਿਆ, “ਕੀ ਉਹ ਉਥੇ ਸ਼ਾਂਤ ਨਹੀਂ ਸੀ? ਉਸ ਵਿਚਾਰੇ ਵਲ੍ਹ ਵੇਖੋ” । ਉਹ ਚਰਵਾਹਾ ਜੋ ਉਹਨਾਂ ਦੀ ਨਿਗਰਾਨੀ ਕਰ ਰਿਹਾ ਸੀ ਉਹ ਵਾਪਸ ਤਬੇਲੇ ਚਲਾ ਗਿਆ ਸੀ, ਕਾਲਾ, ਪਿੰਡ ਦਾ ਵਾਸੀ ।

60 ਅਤੇ ਮੈਂ ਇਸ ਛੋਟੇ ਮੇਮਨੇ ਨੂੰ ਵੇਖ ਰਿਹਾ ਸੀ । ਅਤੇ ਕੁਝ ਚਿਰ ਬਾਅਦ ਉਹ ਬੇਚੈਨ ਹੋ ਗਿਆ । ਮੈਂ ਸੋਚਿਆ, “ਉਸ ਛੋਟੇ ਮੇਮਨੇ ਨੂੰ ਕੀ ਹੋਇਆ ਹੈ?” ਮੈਂ ਉਹਨੂੰ ਵੇਖ ਰਿਹਾ ਸੀ, ਬੇਸ਼ੱਕ, ਦੂਰਬੀਨ ਦੇ ਵਿਚੋਂ । ਅਤੇ ਉਹ ਬਹੁਤ ਬੇਚੈਨ ਹੋ ਗਿਆ । ਉਹ ਕਦੇ *ਏਸ* ਪਾਸੇ ਵੇਖ ਰਿਹਾ ਸੀ ਕਦੇ *ਓਸ* ਪਾਸੇ ਵੇਖ ਰਿਹਾ ਸੀ । ਉਸ ਨੇ ਚਿਲਾਉਣ ਸ਼ੁਰੂ ਕਰ ਦਿੱਤਾ । ਉਹ ਨਹੀਂ ਜਾਣਦਾ ਸੀ ਕਿ ਕੀ ਕਰਨਾ ਹੈ । ਮੈਂ ਸੋਚਿਆ, “ਉਸ ਛੋਟੇ ਨੂੰ ਅਚਾਨਕ ਹੀ ਕਿਸ ਨੇ ਇੰਨਾ ਉਤੇਜਿਤ ਕਰ ਦਿੱਤਾ ਹੈ”?

61 ਹੁਣ, ਉਹ ਘਾਹ ਦੇ ਇੱਕ ਛੋਟੇ ਮੈਦਾਨ ਵਿੱਚ ਸੀ । ਪਰ ਉਸ ਤੋਂ ਥੋੜੀ ਦੂਰ ਮੈਂ ਧਿਆਨ ਦਿੱਤਾ ਕਿ ਕੋਈ ਚੀਜ ਉੱਪਰ ਉੱਠ ਰਹੀ ਸੀ ਅਤੇ ਫਿਰ ਹੇਠਾਂ ਬੈਠ ਜਾਂਦੀ ਸੀ, ਉਸ ਤੋਂ ਲਗਭਗ ਅੱਧਾ ਕੁ ਮੀਲ ਦੂਰ । ਝਾੜੀਆਂ ਵਿੱਚ ਲੁਕਿਆ ਹੋਇਆ ਸ਼ੇਰ ਉਹਦੀ ਵਲ ਸਰਕ ਰਿਹਾ ਸੀ । ਅਤੇ ਉਹ ਛੋਟਾ, ਉਹਦੇ ਵਿੱਚ ਕੁਝ ਸੀ ਜੋ ਇਹ ਜਾਣਦਾ ਸੀ ਕਿ ਉਥੇ ਕੁਝ ਖਤਰਾ ਹੈ । ਉਹ ਉਸ ਨੂੰ

ਵੇਖ ਨਹੀਂ ਸਕਦਾ ਸੀ । ਪਰ ਸ਼ੇਰ ਨੇ ਭੇਡ ਨੂੰ ਸੁੰਘ ਲਿਆ ਸੀ ਅਤੇ ਉਹਨੂੰ ਫੜਨ ਦੇ ਲਈ ਉਸਨੂੰ ਜਲਦੀ ਕਰਨੀ ਸੀ ਇਸ ਤੋਂ ਪਹਿਲਾਂ ਕਿ ਚਰਵਾਹਾ ਉਸ ਕੋਲ ਆ ਕੇ ਉਸ ਨੂੰ ਲੈ ਜਾਵੇ ।

62 ਇਸ ਲਈ ਮੈਂ ਉਹਨੂੰ ਵੇਖ ਰਿਹਾ ਸੀ, ਤਣਾਉ ਬਣ ਗਿਆ ਸੀ । ਅਤੇ ਸ਼ੇਰ ਜਿੰਨੀ ਦੂਰੀ ਤੋਂ ਸਰਕ ਰਿਹਾ ਸੀ, ਬੜਾ ਆਸਾਨ ਸੀ । ਫਿਰ ਵੀ ਭੇਡ ਉਸ ਸ਼ੇਰ ਨੂੰ ਵੇਖ ਨਹੀਂ ਪਾ ਰਹੀ ਸੀ ਪਰ ਉਹਦੇ ਵਿੱਚ ਕੁਝ ਸੀ ਜੋ ਉਹਨੂੰ ਦੱਸ ਰਿਹਾ ਸੀ ਕਿ ਖਤਰਾ ਨੇੜੇ ਹੈ ।

63 ਅੱਜ ਵੀ ਇਸੇ ਤਰ੍ਹਾ ਹੈ, ਕਿ ਲੋਕਾਂ ਦੇ ਅੰਦਰ ਕੁਝ ਹੈ ਜੋ ਉਹਨਾਂ ਨੂੰ ਦੱਸਦਾ ਹੈ ਕਿ ਕੁਝ ਹੋਣ ਜਾ ਰਿਹਾ ਹੈ । ਅਸੀਂ ਇਹ ਜਾਣਦੇ ਹਾਂ । ਮਸੀਹ ਇਹ ਜਾਣਦੇ ਹਨ । ਸ਼ਰਾਬੀ ਇਹ ਜਾਣਦੇ ਹਨ । ਜੂਆਰੀ ਇਹ ਜਾਣਦਾ ਹੈ । ਵਪਾਰੀ, ਸਰਕਾਰ ਅਤੇ ਸੰਯੁਕਤ ਰਾਜ ਅਤੇ ਉਹ ਸਾਰੇ ਇਹ ਜਾਣਦੇ ਹਨ ਕਿ ਕੁਝ ਹੋਣ ਦੀ ਤਿਆਰੀ ਹੋ ਰਹੀ ਹੈ । ਇਸ ਨੇ ਇੱਕ ਤਣਾਉ ਨੂੰ ਬਣਾ ਦਿੱਤਾ ਹੈ ।

64 ਔਰਤਾਂ, ਮਾਵਾਂ, ਇੱਕ ਤੋਂ ਬਾਅਦ ਦੂਜੀ ਸਿਗਰਟ! ਮੈਂ ਉਹਨਾਂ ਨੂੰ ਸਕੂਲ ਆਉਂਦੇ ਵੇਖਦਾ ਹਾਂ । ਉਹ ਸਾਡੀ ਗਲੀ ਵਿਚੋਂ ਗੱਡੀ ਚਲਾਉਂਦਿਆਂ ਹੋਈਆਂ ਜਾਂਦੀਆਂ ਹਨ । ਮੈਨੂੰ ਆਪਣੇ ਬੱਚਿਆਂ ਅਤੇ ਕੁੱਤੇ ਦਾ ਧਿਆਨ ਰੱਖਣਾ ਪੈਂਦਾ ਹੈ । ਵੀਹ ਮੀਲ ਰਫਤਾਰ ਵਾਲੇ ਖੇਤਰ ਵਿੱਚ ਸੱਤਰ ਮੀਲ ਪ੍ਰਤੀ ਘੰਟਾ, ਔਰਤਾਂ ਆਪਣੇ ਬਚਿਆਂ ਨੂੰ ਸਕੂਲ ਲੈ ਜਾਂਦੀਆਂ ਹਨ । ਹੱਥ ਵਿੱਚ ਸਿਗਰਟ ਹੁੰਦੀ ਹੈ ਜੋ ਦਰਵਾਜੇ ਦੇ ਬਾਹਰ ਲਮਕਿਆ ਹੁੰਦਾ ਹੈ, ਆਪਣੇ ਬੱਚਿਆਂ ਨਾਲ ਬਹਿਸਦੇ ਹੋਏ ਅਤੇ ਫੇਰ ਖਿੱਚ ਕੇ ਬ੍ਰੇਕ ਫੇਰ ਪਹਿਆ ਜਾਂ ਟਾਇਰ ਸੜਕ ਤੇ ਪਿਆ ਹੁੰਦਾ ਹੈ । ਅਤੇ ਉਹ ਫਿਰ ਵਾਪਸ ਆਉਂਦੇ ਹਨ । ਮੈਂ ਵੇਖਿਆ ਕਿ ਹਵਾ ਦੇ ਜੋਰ ਨਾਲ ਚਾਰ ਜਾਂ ਪੰਜ ਬੱਚੇ ਸੜਕ ਤੋਂ ਬਾਹਰ ਜਾ ਪਏ ਕਿਸੇ ਦਿਮਾਗੀ ਨੁਕਸ ਵਾਲੀ ਮਾਂ ਦੇ । ਉਹ ਕਿਥੇ ਜਾ ਰਹੀ ਹੈ? ਕੀ ਮਾਮਲਾ ਹੈ? ਕੋਈ ਖਾਸ ਟੈਲੀਵਿਜ਼ਨ ਦਾ ਪ੍ਰੋਗਰਾਮ ਆ ਰਿਹਾ ਹੈ ਅਤੇ ਜਾ ਕੇ ਉਸ ਨੂੰ ਵੇਖਣਾ ਚਾਹੁੰਦੀ ਹੈ ।

65 ਪਰ ਇਹੀ ਹੈ, ਤਣਾਉ । ਇਹਦਾ ਕੋਈ ਕਾਰਨ ਹੈ । ਉਹ ਇੰਝ ਨਹੀਂ ਕਰਦੇ ਹੁੰਦੇ ਸੀ । ਕੁਝ ਆ ਰਿਹਾ ਹੈ । ਮੌਤ ਅਤੇ ਤਬਾਹੀ ਰਾਹ ਉੱਤੇ ਹੈ । ਇਹ ਜਿਆਦਾ ਦੂਰ ਨਹੀਂ ਹੈ । ਕੁਝ ਆ ਰਿਹਾ ਹੈ ।

66 ਹੁਣ, ਪੁਰਾਣੇ ਨੇਮ ਵਿੱਚ ਪਰਮੇਸ਼ੁਰ ਕੁਝ ਪਰੇਸ਼ਾਨੀਆਂ ਵੇਖ ਰਿਹਾ ਹੈ ਜੋ ਅਣਜਾਣੇ ਵਿੱਚ ਹੋ ਗਈਆਂ । ਇਸ ਲਈ ਜੇਕਰ ਤੁਸੀਂ ਬੇਕਸੂਰ ਹੋ ਅਤੇ ਦੋਸ਼ੀ ਨਹੀਂ ਹੋ, ਤਾਂ ਪਰਮੇਸ਼ੁਰ ਤੁਹਾਡੇ ਲਈ ਇੱਕ ਰਾਹ ਤਿਆਰ ਕਰੇਗਾ ।

67 ਹੁਣ, ਜੇ ਇੱਕ ਮਨੁੱਖ ਜਾਣ ਬੁਝ ਕੇ ਪਹਿਲਾਂ ਤੋਂ ਮੰਨ ਬਣਾ ਕੇ ਕਿਸੇ ਮਨੁੱਖ ਨੂੰ ਮਾਰੇ ਤਾਂ ਉਹ ਨਾਸ਼ ਹੋ ਜਾਂਦਾ ਸੀ । ਉਹ ਉਸ ਜਗਾ ਤੇ ਨਹੀਂ ਆ ਸਕਦਾ

ਸੀ । ਪਰ ਜੇ ਉਸ ਨੇ ਇਹ ਅਣਜਾਣੇ ਵਿੱਚ ਕੀਤਾ, ਤੇ ਉਸਦਾ ਇਹ ਕਰਨ ਦਾ ਇਰਾਦਾ ਨਹੀਂ ਹੁੰਦਾ ਸੀ ਤਾਂ ਉਥੇ ਪਨਾਹ ਲੈਣ ਲਈ ਇੱਕ ਸ਼ਹਿਰ ਸੀ । ਇੱਕ ਰਮੋਥ-ਗਿਲਆਦ ਵਿੱਚ ਸੀ । ਅਤੇ ਮੈਂ ਸੋਚਦਾ ਸੀ ਕਿ ਯਹੋਸ਼ੂਆ ਨੇ ਪਨਾਹ ਲੈਣ ਦੇ ਲਈ ਚਾਰ ਘਰ ਬਣਾਏ ਸਨ ।

68 ਹੁਣ, ਜੇ ਲੋਕਾਂ ਤੋਂ ਅਣਜਾਣੇ ਵਿੱਚ ਕੁਝ ਹੋ ਜਾਂਦਾ ਸੀ ਤਾਂ ਉਹ ਪਨਾਹ ਲੈਣ ਦੇ ਲਈ ਉਸ ਪਨਾਹਗਾਰ ਸ਼ਹਿਰ ਵਿੱਚ ਆ ਸਕਦੇ ਸਨ । ਜੇਕਰ ਇਹ ਕਰਨ ਦਾ ਉਹਨਾਂ ਦਾ ਇਰਾਦਾ ਨਹੀਂ ਸੀ । ਤਾਂ ਉਹ ਪਨਾਹ ਦੇ ਸ਼ਹਿਰ ਜਾਂਦਾ ਅਤੇ ਫਾਟਕ ਕੋਲ ਜਾਂਦਾ । ਅਤੇ ਦਰਬਾਨ ਉਹਨੂੰ ਪੁਛਦਾ ਕਿ ਉਹ ਕਿਉਂ ਆਇਆ ਹੈ ਅਤੇ ਉਸਦਾ ਆਉਣ ਦਾ ਕੀ ਵਿਚਾਰ ਹੈ । ਤੱਦ ਉਹਦੇ ਮਾਮਲੇ ਦੀ ਦੁਹਾਈ ਦਿੱਤੀ ਜਾਂਦੀ । ਅਤੇ ਜਦੋਂ ਉਹਦੇ ਮਾਮਲੇ ਦੀ ਦੁਹਾਈ ਫਾਟਕ ਉੱਤੇ ਦਿੱਤੀ ਜਾਂਦੀ ਅਤੇ ਜੇ ਉਹ ਮਨੁੱਖ ਨਿਰਦੋਸ਼ ਪਾਇਆ ਜਾਂਦਾ ਤੇ ਉਹਨੇ ਇਹ ਜਾਣ ਬੁਝ ਕੇ ਨਹੀਂ ਕੀਤਾ ਹੁੰਦਾ ਸੀ ਤਾਂ ਉਸ ਨੂੰ ਸ਼ਹਿਰ ਦੇ ਅੰਦਰ ਇੱਕ ਸ਼ਰਨਾਰਥੀ ਦੀ ਵਾਂਗ ਲੈ ਲਿਆ ਜਾਂਦਾ ਸੀ । ਤੱਦ ਵੈਰੀ ਉਹਨੂੰ ਨਹੀਂ ਫੜ ਸਕਦੇ ਸਨ ।

ਅਤੇ ਜੇ ਉਹਨੇ ਝੂਠ ਬੋਲਿਆ ਹੁੰਦਾ ਅਤੇ ਗਲਤ ਕੀਤਾ ਹੁੰਦਾ ਅਤੇ ਪਨਾਹਗਾਰ ਸ਼ਹਿਰ ਵਿੱਚ ਆਇਆ ਹੁੰਦਾ ਤਾਂ ਭਾਵੇਂ ਉਹ ਵੇਦੀ ਦੇ ਸਿੰਗ ਫੜ੍ਹੇ ਤਾਂ ਵੀ ਉਹਦੇ ਵੈਰੀ ਕੋਲ ਇਹ ਅਧਿਕਾਰ ਹੁੰਦਾ ਸੀ ਕਿ ਉਹਨੂੰ ਵੇਦੀ ਤੋਂ ਧੂਹ ਕੇ ਮਾਰੇ, ਹਾਂ, ਸ਼੍ਰੀ ਮਾਨ ਕਿਓਂਕਿ ਉਹ ਦੋਸ਼ੀ ਸੀ, ਉਹਨੇ ਪਹਿਲਾਂ ਤੋਂ ਮੰਨ ਬਣਾ ਕੇ ਇਹ ਕੀਤਾ ਅਤੇ ਉਹਨੂੰ ਸਜਾ ਮਿਲਣੀ ਹੀ ਸੀ ।

69 ਹੁਣ, ਉਹਦੇ ਨਾਲ ਨਾਲ ਕੁਝ ਹੋਰ ਵੀ ਚਲਦਾ ਸੀ । ਬੇਸ਼ੱਕ, ਉਹ ਮਨੁੱਖ ਬੇਚੈਨ ਹੁੰਦਾ, ਜਾਂ ਤੁਹਾਡੇ ਪਿਛੇ ਇੱਕ ਦਰਜਨ ਆਦਮੀ ਹੋ ਸਕਦੇ ਹਨ । ਕਿਤੇ ਨਾ ਕਿਤੇ, ਕਿਸੇ ਚਟਾਨ ਦੇ ਪਿਛੇ, ਹਰੇਕ ਪਹਾੜ, ਹਰੇਕ ਝਾੜੀ, ਵੈਰੀ ਕਿਤੇ ਨਾ ਕਿਤੇ ਉਹਦੇ ਲਈ ਤਿਆਰ ਖੜਾ ਹੁੰਦਾ । ਉਹ ਬੇਚੈਨ ਸੀ । ਅਤੇ ਜਦ ਉਹ ਇੱਕ ਵਾਰ ਸ਼ਹਿਰ ਦੇ ਅੰਦਰ ਪ੍ਰਵੇਸ਼ ਕਰ ਲੈਂਦਾ ਸੀ ਤਾਂ ਉਹ ਦਬਾਉ ਤੋਂ ਮੁਕਤ ਹੋ ਜਾਂਦਾ ਸੀ । ਉਹ ਸੁਰਖਿਅਤ ਹੁੰਦਾ ਸੀ । ਉਹ ਬਿਲਕੁਲ ਠੀਕ ਹੁੰਦਾ ਸੀ ਕਿਓਂਕਿ ਉਹਦੇ ਲਈ ਇਹ ਸਥਾਨ ਹੁੰਦਾ ਸੀ । ਉਸ ਬੇਦੋਸ਼ ਮਨੁੱਖ ਦੇ ਲਈ ਪਰਮੇਸ਼ੁਰ ਦੀ ਵਲੋਂ ਦਿੱਤਾ ਗਿਆ ਇੱਕ ਸਥਾਨ, ਮਾਰੇ ਜਾਣ ਦੇ ਲਈ ਨਹੀਂ ਪਰ ਇਸ ਲਈ ਕਿ ਉਹ ਮਰਨ ਤੋਂ ਬਚਾਇਆ ਜਾ ਸਕੇ ਕਿਓਂਕਿ ਉਹਨੇ ਇਹ ਅਣਜਾਣੇ ਵਿੱਚ ਕੀਤਾ, ਹੁਣ, ਜੇ ਉਹਦਾ ਇਹ ਕਰਨ ਦਾ ਇਰਾਦਾ ਨਹੀਂ ਸੀ ।

70 ਹੁਣ, ਜੇ ਉਹਦਾ ਇਹ ਕਰਨ ਦਾ ਇਰਾਦਾ ਸੀ ਤਾਂ ਅੱਛਾ ਉਹਨੂੰ ਹਾਲਾਤਾਂ ਦਾ ਸਾਹਮਣਾ ਕਰਨਾ ਪਵੇਗਾ। ਪਰ ਉਹਦੇ ਲਈ ਕੋਈ ਮੌਕਾ ਨਹੀਂ ਜੇਕਰ ਉਹਨੇ ਇਹ ਜਾਣ ਬੁਝ ਕੇ ਕੀਤਾ।

71 ਅਤੇ ਅੱਜ ਲੋਕਾਂ ਦੀਆਂ ਦੋ ਕਿਸਮਾਂ ਹਨ। ਕੀ ਮੈਂ ਇਹ ਕਹਿ ਸਕਦਾ ਹਾਂ। ਭਾਈ ਰੂਡਲ, ਅੱਜ ਸੰਸਾਰ ਵਿੱਚ ਆਦਮੀ ਅਤੇ ਔਰਤਾਂ ਹਨ ਜੋ ਅਸਲ ਵਿੱਚ ਉਹ ਨਹੀਂ ਕਰਨਾ ਚਾਹੁੰਦੇ ਜੋ ਉਹ ਕਰ ਰਹੇ ਹਨ। ਸੰਸਾਰ ਵਿੱਚ ਕੁਝ ਆਦਮੀ ਅਤੇ ਔਰਤਾਂ ਹਨ ਜੋ ਪਾਪ ਨਹੀਂ ਕਰਨਾ ਚਾਹੁੰਦੇ। ਮੈਨੂੰ ਉਹਨਾਂ ਦੇ ਲਈ ਅਫਸੋਸ ਹੈ। ਉਹ ਕੁਝ ਵੀ ਗਲਤ ਨਹੀਂ ਕਰਨਾ ਚਾਹੁੰਦੇ ਪਰ ਉਹ ਕਰਦੇ ਹਨ। ਉਹਨਾਂ ਤੋਂ ਇਹ ਕਰਵਾਇਆ ਜਾਂਦਾ ਹੈ। ਹੁਣ, ਉਸ ਵਿਅਕਤੀ ਲਈ ਇੱਕ ਜਗ੍ਹਾ ਹੈ ਜਿਹੜਾ ਸਹੀ ਕੰਮ ਕਰਨਾ ਚਾਹੁੰਦਾ ਹੈ। ਦਬਾਉ ਤੋਂ ਮੁਕਤ ਹੋਣ ਦੇ ਲਈ ਇੱਕ ਥਾਂ ਹੈ। ਇਹ ਸੱਤ ਹੈ। ਪਰ ਇਥੇ ਕੁਝ ਹਨ ਜੋ ਪਰਵਾਹ ਨਹੀਂ ਕਰਦੇ।

72 ਕਿਸੇ ਦਿਨ, ਇੱਕ ਭਾਈ, ਹਿਕਰਸਨ ਨੇ ਮੈਨੂੰ ਫੈਡਰਲ ਜੇਲ ਦੇ ਵਾਰ੍ਡਨ ਤੋਂ ਇੱਕ ਪਾਸ ਲਿਆ ਕੇ ਦਿੱਤਾ...ਜੋ ਲਾ ਗ੍ਰਾਂਗੇ, ਕੰਟਕੀ ਵਿੱਚ ਹੈ ਤਾਂ ਜੋ ਮਛੀਆਂ ਫੜ ਸਕਾਂ। ਅਤੇ ਉਥੇ ਮੈਂ ਲੁਈਵਿਲ ਦੇ ਇੱਕ ਕਾਲੇ ਲੜਕੇ ਨਾਲ ਮਿਲਿਆ। ਅਤੇ ਉਹਨੇ ਮੈਨੂੰ ਦੱਸਿਆ...ਮੈਂ ਕਿਹਾ, "ਤੇਰੇ ਵਰਗਾ ਇੱਕ ਹੁਸ਼ਿਆਰ ਅਤੇ ਚੰਗਾ ਦਿਖਣ ਵਾਲਾ ਆਦਮੀ ਇਥੇ ਕੀ ਕਰ ਰਿਹਾ ਹੈ?"

73 ਉਹਨੇ ਕਿਹਾ, "ਅੱਛਾ," ਕਿਹਾ, "ਆਦਰਯੋਗ, ਇਹ ਹੈ ਜੋ ਹੋਇਆ ਸੀ"। ਕਿਹਾ, "ਇਹ ਕਿਸੇ ਦੀ ਨਹੀ ਪਰ ਮੇਰੀ ਗਲਤੀ ਸੀ"। ਕਿਹਾ, "ਮੈਂ ਇੱਕ ਵਾਰ ਪ੍ਰਭੂ ਦਾ ਹੋਇਆ ਕਰਦਾ ਸੀ"। ਉਹਦਾ ਨਾਮ ਬਿਸ਼ਪ ਸੀ। ਉਹਨੇ ਕਿਹਾ, "ਉਹ ਮੈਨੂੰ 'ਪਵਿੱਤਰ ਬਿਸ਼ਪ' ਕਹਿ ਕੇ ਬੁਲਾਉਂਦੇ ਹਨ ਕਿਓਂਕਿ ਮੈਂ ਪ੍ਰਭੂ ਦੀ ਸੇਵਾ ਕਰਦਾ ਹਾਂ"। ਉਹਨੇ ਕਿਹਾ, "ਮੈਂ ਅਤੇ ਮੇਰੀ ਪਤਨੀ, ਸਾਡੀ ਇੱਕ ਛੋਟੀ ਲੜਕੀ ਸੀ"। ਅਤੇ ਕਿਹਾ, "ਇੱਕ ਵਾਰ ਮੈਂ ਇਹਦੇ ਤੇ ਖੜਾ ਨਾ ਰਹਿ ਸਕਿਆ ਤੇ ਪਰਮੇਸ਼ੁਰ ਤੋਂ ਦੂਰ ਚਲਿਆ ਗਿਆ"। ਕਿਹਾ, "ਮੇਰੇ ਮਾਤਾ ਪਿਤਾ ਮਸੀਹ ਸਨ"। ਅਤੇ ਕਿਹਾ, "ਮੈਂ ਕੋਰੀਆ ਵਿੱਚ ਚਾਰ ਸਾਲ ਸੇਵਾ ਕੀਤੀ," ਉਹ ਬਹੁਤ ਸਾਰੇ ਸੰਘਰਸ ਵਿਚੋਂ ਦੀ ਲੰਘਿਆ। ਉਹਨੇ ਕਿਹਾ, "ਪਰ ਉਥੇ ਅਸੀਂ ਜੋ ਕੀਤਾ ਉਹ ਇਹ ਸੀ ਕਿ ਅਸੀਂ ਨੱਚਣ ਜਾਣ ਲਗੇ ਅਤੇ ਵਗੈਰਾ ਵਗੈਰਾ। ਮੈਂ ਗਲਤ ਭੀੜ ਦੇ ਨਾਲ ਮਿਲ ਗਿਆ।

74 "ਤੇ ਇੱਕ ਦਿਨ ਦੋ ਲੜਕੇ ਆਏ ਅਤੇ ਕਿਹਾ, 'ਬਿਸ਼ਪ, ਅਸੀਂ ਕੁਏਕਰ ਮੇਡ ਤੱਕ ਜਾਣਾ ਚਾਹੁੰਦੇ ਹਾਂ, ਕਰਿਆਣੇ ਦਾ ਕੁਝ ਸਮਾਨ ਲੈ ਆਈਏ। ਕੀ ਤੂੰ ਸਾਨੂੰ ਉਥੇ ਲੈ ਜਾਵੇਂਗਾ'"।

ਕਿਹਾ, "ਮੇਰੀ ਪਤਨੀ ਨੇ ਉਸੇ ਸਮੇਂ ਮੈਨੂੰ ਰਾਤ ਦੇ ਖਾਣੇ ਤੇ ਬੁਲਾਇਆ। ਅਤੇ ਮੈਂ ਕਿਹਾ...ਕਿਹਾ, ਉਹਨੇ ਮੈਨੂੰ ਉਥੇ ਬੁਲਾਇਆ ਹੈ, ਕਿਹਾ, 'ਤੂੰ ਉਹਨਾਂ ਦੇ ਨਾਲ ਨਾ ਜਾਵੀਂ। ਉਹਨਾਂ ਮੁੰਡਿਆ ਵਿੱਚ ਕੋਈ ਵੀ ਚੰਗੀ ਗਲ ਨਹੀਂ ਹੈ। ਸਾਨੂੰ ਉਹਨਾਂ ਤੋਂ ਦੂਰ ਰਹਿਣਾ ਚਾਹੀਦਾ ਹੈ ਤੇ ਫਿਰ ਤੋਂ ਗਿਰਜੇ ਜਾਣਾ ਚਾਹੀਦਾ ਹੈ'"।

ਅਤੇ ਉਹਨੇ ਕਿਹਾ, "ਚੰਗਾ," ਕਿਹਾ, "ਮੈਂ ਕਿਹਾ, 'ਮੈਨੂੰ ਇਹ ਚੰਗਾ ਨਹੀਂ... ਲੜਕੇ ਕਰਿਆਨੇ ਦਾ ਸਮਾਨ ਚਾਹੁੰਦੇ ਹਨ'। ਕਿਹਾ, 'ਮੈਨੂੰ ਇਹ ਚੰਗਾ ਨਹੀਂ ਲਗੇਗਾ ਕਿ ਮੈਂ ਉਹਨਾਂ ਨੂੰ ਨਾ ਲੈ ਕੇ ਜਾਵਾਂ'। ਹਾਂ, ਕਿਹਾ, 'ਮੈਂ ਉਹਨਾਂ ਨੂੰ ਆਪਣੀ ਕਾਰ ਦੇ ਦੇਵਾਂਗਾ'"।

"ਕਿਹਾ, 'ਤੂੰ ਇੰਝ ਨਾ ਕਰੀਂ। ਉਹ ਇਹਦੇ ਟੁਕੜੇ ਕਰ ਦੇਣਗੇ'। ਤੇ ਕਿਹਾ, 'ਉਹਨਾਂ ਨੂੰ ਉਥੇ ਛੱਡ ਕੇ ਵਾਪਸ ਆ ਜਾਣਾ'"।

75 ਕਿਹਾ, "ਮੈਂ ਉਹਨਾਂ ਨੂੰ ਉਥੇ ਪਹੁੰਚਾ ਦਿੱਤਾ ਤੇ ਪਾਰਕਿੰਗ ਵਿੱਚ ਰੁੱਕ ਗਿਆ" ਕਿਹਾ, "ਮੈਂ ਉਥੇ ਬੈਠ ਕੇ ਉਹਨਾਂ ਦਾ ਉਡੀਕ ਕਰ ਰਿਹਾ ਸੀ। ਅਤੇ ਅਚਾਨਕ ਹੀ, ਅਲਾਰਮ ਵੱਜਣ ਲਗਾ। ਅਤੇ ਉਹ ਦੋਵੇਂ ਲੜਕੇ ਆਏ ਅਤੇ ਉਹਨਾਂ ਦੋਵਾਂ ਦੇ ਹੱਥ ਵਿੱਚ ਪਿਸਤੋਲ ਸੀ। ਅਤੇ ਮੈਂ ਦਰਵਾਜਾ ਬੰਦ ਕਰ ਲਿਆ। ਮੈਂ ਕਿਹਾ, 'ਤੁਸੀਂ ਅੰਦਰ ਨਹੀਂ ਆ ਸਕਦੇ'"। ਅਤੇ ਉਹਨਾਂ ਵਿਚੋਂ ਇੱਕ ਨੇ ਉਹਦੇ ਸਿਰ ਵਿੱਚ ਜੋਰ ਨਾਲ ਮਾਰਿਆ ਅਤੇ ਉਹਨੂੰ ਪਿਛਾਂਹ ਧੱਕ ਦਿਤਾ, ਆਪਣੀ ਬੰਦੂਕ ਸੁੱਟ ਦਿੱਤੀ। ਉਹਨੇ ਕਿਹਾ, "ਤੂੰ ਮੈਨੂੰ ਨਹੀਂ ਲੈ ਕੇ ਜਾ ਰਿਹਾ"।

ਉਹਨੇ ਆਪਣੀ ਬੰਦੂਕ ਅੰਦਰ ਸੁੱਟੀ ਅਤੇ ਕਿਹਾ, "ਜੇ ਤੂੰ ਆਪਣੇ ਆਰ ਪਾਰ ਛੇਕ ਨਹੀਂ ਚਾਹੁੰਦਾ। ਅਸੀਂ ਤੈਨੂੰ ਬਾਹਰ ਸੁੱਟ ਦੇਵਾਂਗੇ"।

76 ਉਹਨੇ ਕਿਹਾ, "ਤੁਸੀਂ ਕਿਤੇ ਵੀ ਨਹੀਂ ਜਾ ਸਕਦੇ। ਤੁਸੀਂ ਫੜੇ ਜਾਵੋਗੇ। ਤੁਸੀਂ ਮੁੰਡਿਓ, ਉਹਨਾਂ ਨੂੰ ਦੱਸ ਦਿਓ ਕਿ ਮੈਂ ਤੁਹਾਡੇ ਨਾਲ ਨਹੀਂ ਸੀ। ਮੈਂ ਇਹ ਨਹੀਂ ਕਰਨਾ ਚਾਹੁੰਦਾ ਸੀ। ਮੈਂ ਇਥੇ ਬੈਠਾ ਸੀ। ਮੈਂ ਨਿਰਦੋਸ਼ ਹਾਂ"। ਅਤੇ ਉਸ ਸਮੇਂ ਤੱਕ ਪੁਲਿਸ ਨੇ ਉਹਨਾਂ ਨੂੰ ਫੜ੍ਹ ਲਿਆ।

77 ਉਹਨਾਂ ਨੇ ਮੁਕਦਮਾ ਲੜਿਆ। ਉਹਨੇ ਕਿਹਾ, "ਮੈਂ ਪਹਿਲਾਂ ਵਕੀਲ ਦੇ ਲਈ ਬੁਰਾ ਸੋਚਿਆ ਕਿਓਂਕਿ ਉਹਨੇ ਕਿਹਾ..." ਉਹਨੇ ਪੁਛਿਆ ਸਵਾਲ ਇਹ ਹੈ "ਕੀ ਇਹ ਕਾਰ ਤੁਹਾਡੀ ਹੈ?"

ਉਹਨੇ ਕਿਹਾ, "ਹਾਂ, ਸ੍ਰੀਮਾਨ। ਪਰ ਮੈਂ...

78 ਉਹਨੇ ਕਿਹਾ, "ਮੇਰੇ ਸਵਾਲਾਂ ਦਾ ਜਵਾਬ ਦਿਓ" । ਔਹ, ਭਾਈ, ਸ਼ਤਾਨ ਕੋਲ ਇਹ ਕਰਨ ਦਾ ਇੱਕ ਤਰੀਕਾ ਹੈ । ਕਿਹਾ, "ਮੇਰੇ ਸਵਾਲਾਂ ਦਾ ਜਵਾਬ ਦਿਓ" । ਕਿਹਾ, "ਕੀ ਇਹ ਕਾਰ ਤੁਹਾਡੀ ਹੈ?"

ਉਹਨੇ ਕਿਹਾ, "ਹਾਂ, ਸ਼੍ਰੀ ਮਾਨ" ।

"ਕੀ ਇਹ ਲਾਈਸੈਂਸ ਨੰਬਰ ਤੁਹਾਡਾ ਹੈ?"

"ਹਾਂ, ਸ਼੍ਰੀ ਮਾਨ" ।

ਉਹਨੇ ਕਿਹਾ, "ਕੀ ਤੂੰ ਉਸ ਥਾਂ ਤੇ ਸੀ?"

ਉਹਨੇ ਕਿਹਾ, "ਹਾਂ, ਮੈਂ ਤੁਹਾਨੂੰ ਦੱਸਦਾ ਹਾਂ…"

ਉਹਨੇ ਕਿਹਾ, "ਮੇਰੇ ਸਵਾਲਾਂ ਦਾ ਜਵਾਬ ਦਿਓ" ।

ਉਹਨੇ ਕਿਹਾ, "ਹਾਂ, ਸ਼੍ਰੀ ਮਾਨ" ।

79 ਉਹਨੇ ਕਿਹਾ, "ਤੁਸੀਂ ਉਹ ਹੀ ਹੋ" । ਅਤੇ ਹਾਲਾਤਾਂ ਦੇ ਸਬੂਤ ਦੇ ਅਧਾਰ ਤੇ ਉਹਨੂੰ ਦੱਸ ਸਾਲ ਅਤੇ ਮੁੰਡਿਆ ਨੂੰ ਪੂਰੇ ਜੀਵਨ ਦੇ ਲਈ ਜੇਲ ਵਿੱਚ ਭੇਜ ਦਿੱਤਾ ।

80 ਹੁਣ, ਉਹਨੇ ਕਿਹਾ, "ਵੇਖੋ, ਭਾਈ, ਮੈਂ ਬੱਸ ਗਲਤ ਭੀੜ ਦੇ ਵਿੱਚ ਚਲਾ ਗਿਆ ਸੀ । ਇਸ ਵਿੱਚ ਕਿਸੇ ਦਾ ਦੋਸ਼ ਨਹੀਂ ਪਰ ਮੇਰਾ ਹੈ" । ਅਤੇ ਇਹ ਠੀਕ ਹੈ । ਹੁਣ, ਉਹ ਦੇ ਕੋਲ ਦੱਸ ਸਾਲ ਹਨ ਕਿ ਦਬਾਉ ਤੋਂ ਮੁਕਤ ਹੋ ਸਕੇ । ਮੈਂ ਉਹਦੇ ਲਈ ਪ੍ਰਾਰਥਨਾ ਕੀਤੀ । ਭਾਈ ਵੂਡਸ ਅਤੇ ਮੈਂ, ਅਸੀਂ ਪਾਣੀ ਦੇ ਕੋਲ ਬੈਠੇ ਸੀ ਤੇ ਉਸ ਲੜਕੇ ਦਾ ਹੱਥ ਫੜਿਆ ਤੇ ਉਹਦੇ ਲਈ ਪ੍ਰਾਰਥਨਾ ਕੀਤੀ, ਪਾਣੀ ਦੇ ਕੋਲ ਤਾਂਕਿ ਪਰਮੇਸ਼ੁਰ ਉਹਨੂੰ ਰਿਹਾਈ ਦਵੇ । ਅਤੇ ਮੈਂ ਅਜੇ ਵੀ ਉਹਦੇ ਲਈ ਪ੍ਰਾਰਥਨਾ ਕਰ ਰਿਹਾ ਹਾਂ ਕਿ ਪਰਮੇਸ਼ੁਰ ਕਰੇਗਾ ।

81 ਇਹ ਕੀ ਹੈ? ਦਬਾਉ, ਨਿਰਦੋਸ਼, ਇੱਕ ਨਿਰਦੋਸ਼ ਆਦਮੀ । ਹੁਣ, ਓਸ ਆਦਮੀ ਨੂੰ ਇੱਕ ਮੌਕਾ ਮਿਲਣਾ ਚਾਹੀਦਾ ਹੈ ।

82 ਹੁਣ, ਜੇ ਤੁਸੀਂ ਚੰਗਾ ਕਰਨਾ ਚਾਹੁੰਦੇ ਹੋ ਤਾਂ ਅੱਜ ਰਾਤ ਤੁਹਾਨੂੰ ਇਹ ਦੱਸ ਕੇ ਮੈਂ ਖੁਸ਼ ਹਾਂ ਕਿ ਪਨਾਹ ਲੈਣ ਲਈ ਇੱਕ ਸ਼ਹਿਰ ਹੈ । ਉਹ ਯਿਸੂ ਮਸੀਹ ਹੈ । ਜੇ ਤੁਸੀਂ ਗਲਤ ਨਹੀਂ ਕਰਨਾ ਚਾਹੁੰਦੇ, ਵੈਰੀ ਤੁਹਾਡਾ ਪਿਛਾ ਕਰ ਰਿਹਾ ਹੈ ਤਾਂ ਬੱਚਣ ਦਾ ਇੱਕ ਰਸਤਾ ਹੈ ਤੇ ਉਹ ਯਿਸੂ ਮਸੀਹ ਹੈ । ਉਥੇ ਇੱਕ ਜਗ੍ਹਾ ਹੈ ਜਿਥੇ ਤੁਸੀਂ ਆ ਕੇ ਆਪਣੇ ਦਬਾਉ ਤੋਂ ਛੁਟਕਾਰਾ ਪਾ ਸਕਦੇ ਹੋ । ਪਰ ਜੇ ਤੁਸੀਂ ਪਾਪ ਕਰਨਾ ਪਸੰਦ ਕਰਦੇ ਹੋ ਅਤੇ ਪਰਮੇਸ਼ੁਰ ਨੂੰ ਨਹੀਂ ਚਾਹੁੰਦੇ ਤਾਂ ਵੈਰੀ ਤੁਹਾਨੂੰ ਕਿਤੇ ਨਾ ਕਿਤੇ ਘੇਰ ਲਵੇਗਾ । ਤੁਹਾਡੇ ਕੋਲ ਨਹੀਂ…ਤੁਸੀਂ ਮਸੀਹ ਦੇ ਕੋਲ ਨਹੀਂ ਆ ਸਕਦੇ ਕਿਓਂਕਿ ਤੁਸੀਂ ਆਉਣਾ ਹੀ ਨਹੀਂ ਚਾਹੁੰਦੇ ।

83 ਅਤੇ ਜਦੋਂ ਮਨੁੱਖ ਮਸੀਹ ਦੇ ਕੋਲ ਆਉਂਦਾ ਹੈ, ਜੋ ਪਨਾਹ ਲੈਣ ਦੀ ਥਾਂ ਹੈ...ਪੁਰਾਣੇ ਨੇਮ ਵਿੱਚ ਜਦੋਂ ਇੱਕ ਮਨੁੱਖ ਅੰਦਰ ਆਉਂਦਾ ਸੀ ਤਾਂ ਪਹਿਲੀ ਗੱਲ ਤਾਂ ਇਹ ਕਿ ਉਹ ਆਪਣੀ ਅਜਾਦ ਇੱਛਾ ਨਾਲ ਆਉਂਦਾ ਸੀ । ਅਤੇ ਇਹ ਹੀ ਤਰੀਕਾ ਹੈ ਜਿਸ ਨਾਲ ਤੁਸੀਂ ਮਸੀਹ ਦੇ ਕੋਲ ਆਉਣਾ ਹੈ ।

84 ਇੱਕ ਹੋਰ ਗੱਲ, ਜਦੋਂ ਤੁਸੀਂ ਉਥੇ ਹੋ ਤਾਂ ਤੁਹਾਨੂੰ ਸੰਤੁਸਟੀ ਹੋਣੀ ਚਾਹੀਦੀ ਹੈ । ਤੁਸੀਂ ਨਹੀਂ...ਤੁਸੀਂ ਹਰ ਰੋਜ ਰੌਂਦੇ ਹੋਏ ਏਧਰ ਓਧਰ ਨਹੀਂ ਜਾ ਸਕਦੇ, "ਮੈਂ ਏਥੋਂ ਬਾਹਰ ਜਾਣਾ ਚਾਹੁੰਦਾ ਹਾਂ । ਮੈਂ ਏਥੋਂ ਬਾਹਰ ਜਾਣਾ ਚਾਹੁੰਦਾ ਹਾਂ" । ਉਹ ਤੁਹਾਨੂੰ ਬਾਹਰ ਕਢ ਦੇਣਗੇ । ਤੁਹਾਨੂੰ ਆਪਣੀ ਇੱਛਾ ਨਾਲ ਹੀ ਰੁੱਕਣਾ ਹੈ । ਇਹ ਇਸ ਤਰ੍ਹਾਂ ਹੋਣਾ ਚਾਹੀਦਾ ਹੈ ਕਿ ਤੁਸੀਂ ਸ਼ਹਿਰ ਵਿੱਚ ਰੁੱਕਣਾ ਚਾਹੁੰਦੇ ਹੋ ।

85 ਅਤੇ ਜਦੋ ਤੁਸੀਂ ਮਸੀਹ ਕੋਲ ਆਉਂਦੇ ਹੋ ਤਾਂ ਤੁਸੀਂ ਮੁੜ੍ਹ ਕੇ ਸੰਸਾਰ ਵਲ੍ਹ ਨਹੀਂ ਵੇਖ ਸਕਦੇ । ਬਾਈਬਲ ਆਖਦੀ ਹੈ, "ਉਹ ਜੋ ਆਪਣਾ ਹੱਥ ਹੱਲ ਤੇ ਰੱਖ ਕੇ ਪਿਚਾਹਾਂ ਝਾਕਦਾ ਹੈ ਤਾਂ ਉਹ ਹੱਲ ਚਲਾਉਣ ਦੇ ਯੋਗ ਨਹੀਂ" । ਹੁਣ ਇਥੇ ਹੀ ਬਹੁਤ ਸਾਰੇ ਮਸੀਹ ਅਖਵਾਉਣ ਵਾਲੇ ਲੋਕ ਗਲਤੀ ਕਰਦੇ ਹਨ । ਸਮਝੇ, ਉਹ ਇਸ ਤਰ੍ਹਾਂ ਵਿਹਾਰ ਕਰਦੇ ਹਨ ਕਿ ਉਹ ਹੱਲ ਚਲਾਉਣ ਜਾ ਰਹੇ ਹਨ ਪਰ ਜਦੋਂ ਇੱਕ ਛੋਟੀ ਜਿਹੀ ਚੀਜ ਉਹਨਾਂ ਦੇ ਰਾਹ ਵਿੱਚ ਆਉਂਦੀ ਹੈ ਤਾਂ ਉਹ ਫੱਟ ਜਾਂਦੇ ਹਨ ।

86 ਓਸ ਦਿਨ ਮੈਨੂੰ ਇਸ ਗਲ ਦਾ ਅਨੁਭਵ ਹੋਇਆ ਸੀ, ਜਿਵੇਂ ਕਿ ਤੁਸੀਂ ਸਾਰੇ ਜਾਣਦੇ ਹੋ । ਅਤੇ ਮੈਂ ਤੁਹਾਡੀਆਂ ਪ੍ਰਾਰਥਨਾਵਾਂ ਦੇ ਲਈ ਤੁਹਾਡਾ ਧੰਨਵਾਦ ਕਰਦਾ ਹਾਂ । ਜਿਵੇਂ ਮੈਂ ਸ਼ਿਕਾਰ ਕਰਦਾ ਹਾਂ ਅਤੇ ਮਛੀਆਂ ਫੜਦਾ ਹਾਂ ਅਤੇ ਨਿਸ਼ਾਨਾ ਲਗਾਉਂਦਾ ਹਾਂ ਅਤੇ ਮੈਂ ਹਮੇਸ਼ਾ ਵੈਦਰਬਾਈ ਮੈਗਨਮ ਬੰਦੂਕ ਚਾਹੁੰਦਾ ਸਾਂ । ਅੱਛਾ, ਮੇਰੇ ਕੁਝ ਦੋਸਤ ਮੇਰੇ ਲਈ ਇਹ ਖਰੀਦ ਸਕਦੇ ਸਨ । ਮੈਂ ਲੋਕਾਂ ਨੂੰ ਜਾਣਦਾ ਹਾਂ, ਜੇ ਮੈਂ ਕੇਵਲ ਇਹਦਾ ਜਿਕਰ ਹੀ ਕੀਤਾ ਹੁੰਦਾ ਤਾਂ ਉਹ ਖੁਸੀ ਖੁਸੀ ਇਹ ਕਰ ਦਿੰਦੇ । ਦੋ ਜਾਂ ਤਿੰਨ ਇਹ ਕਰਨਾ ਵੀ ਚਾਹੁੰਦੇ ਸਨ । ਪਰ ਮੈਂ ਉਨ੍ਹਾਂ ਨੂੰ ਇੱਕ ਬੰਦੂਕ ਦੇ ਲਈ ਇਨਾਂ ਪੈਸਾ ਖਰਚ ਕਰਦਿਆਂ ਨਹੀਂ ਵੇਖ ਸਕਦਾ ਜਦ ਕਿ ਮੈਂ ਜਾਣਦਾ ਹਾਂ ਕਿ ਮਿਸ਼ਨਰੀਆਂ ਦੇ ਪੈਰਾਂ ਵਿੱਚ ਜੁਤੀਆਂ ਵੀ ਨਹੀਂ ਹਨ । ਮੈਂ ਇਹ ਨਹੀਂ ਕਰ ਸਕਦਾ । ਅਤੇ ਭਾਈ ਵਿਲਸਨ ਨੇ ਬਿੱਲੀ ਨੂੰ ਇੱਕ ਛੋਟੀ .257 ਰੋਬੇਰਟਸ ਬੰਦੂਕ ਦਿੱਤੀ । ਅਤੇ ਇੱਕ ਭਾਈ, ਜੋ ਮੇਰਾ ਇੱਕ ਦੋਸਤ ਹੈ ਨੇ ਕਿਹਾ, "ਭਾਈ ਬ੍ਰਾਨਹਾਮ, ਵੈਦਰਬਾਈ ਇਸ ਬੰਦੂਕ ਵਿੱਚ ਸੁਰਾਖ਼ ਕਰ ਸਕਦੇ ਹਨ, ਮੈਂ ਇਹ ਸਸਤੇ ਵਿੱਚ ਕਰਵਾ ਸਕਦਾ ਹਾਂ, ਜੇ ਤੁਸੀਂ ਮੈਨੂੰ ਇਹ ਤੁਹਾਡੇ ਲਈ ਕਰਨ ਦਿਓ" । ਅੱਛਾ, ਮੈਂ ਉਹਨੂੰ ਇਹ ਕਰਨ ਦਿੱਤਾ ।

87 ਵਾਪਸ ਆਇਆ, ਬੰਦੂਕ ਵਿੱਚ ਇੱਕ ਗੋਲੀ ਪਾਈ ਅਤੇ ਇਹਨੂੰ ਚਲਾਉਣ ਲਈ ਗਿਆ ਅਤੇ ਉਹ ਮੇਰੇ ਹੱਥਾਂ ਵਿੱਚ ਹੀ ਫੱਟ ਗਈ । ਅਤੇ ਬੰਦੂਕ ਦੀ ਨਾਲੀ ਲਗਭਗ ਪੰਜਾਹ ਗੱਜ ਦੀ ਦੂਰੀ ਨੂੰ ਪਾਰ ਕਰ ਗਈ ਅਤੇ ਬੱਟ ਮੇਰੇ ਬਹੁਤ ਪਿਛਾਂਹ ਜਾ ਪਿਆ । ਅਤੇ ਇਹ ਅਚਰਜ ਗੱਲ ਹੈ ਕਿ ਇਹਨੇ ਮੇਰੇ ਦੋ ਹਿੱਸੇ ਨਹੀਂ ਕੀਤੇ । ਉਥੇ ਬੱਸ ਲਗਭਗ ਪੰਜ ਜਾਂ ਛੇ ਕਵੰਟਲ ਦਾ ਦਬਾਉ ਮੇਰੇ ਏਨਾ ਕੋਲ ਸੀ ।

88 ਅੱਛਾ, ਡਾਕਟਰ ਨੇ ਕਿਹਾ, "ਮੈਂ ਇੱਕ ਹੀ ਚੀਜ ਜਾਣਦਾ ਹਾਂ ਕਿ ਭਲਾ ਪਰਮੇਸ਼ੁਰ ਉਥੇ ਆਪਣੇ ਦਾਸ ਦੀ ਰਾਖੀ ਦੇ ਲਈ ਬੈਠਾ ਸੀ" ।

89 ਹੁਣ, ਜੋ ਗਲ ਮੈਂ ਸੋਚ ਰਿਹਾ ਹਾਂ, ਉਹ ਇਹਦੇ ਨਾਲ ਮਿਲਦੀ ਹੈ । ਜੇ ਉਹ ਅਸਲ ਵਿੱਚ ਵੈਦਰਬਾਈ ਮੈਗਨਮ ਹੁੰਦੀ ਤਾਂ! ਮਾਮਲਾ ਕੀ ਸੀ? ਉਸ ਬੰਦੂਕ ਵਿੱਚ ਕੋਈ ਨੁਕਸ ਸੀ । ਉਹਦੇ ਸਿਰ ਤੇ ਜੋ ਸੁਰਾਖ ਕੀਤਾ ਗਿਆ ਸੀ ਉਹ ਬਹੁਤ ਢਿਲਾ ਸੀ । ਇਹ ਹੀ ਮਾਮਲਾ ਸਾਡੇ ਬਹੁਤ ਸਾਰੇ ਮਤ ਪਰਿਵਰਤਨਾਂ ਵਿੱਚ ਹੁੰਦਾ ਹੈ, ਸਾਡੇ ਸਿਰ ਦੀ ਜਗ੍ਹਾ ਤੇ ਬਹੁਤ ਢਿਲਾ ਸ਼ੁਰਾਖ ਕੀਤਾ ਗਿਆ ਹੈ ।

90 ਅਤੇ ਜੇ ਉਹ ਸ਼ੁਰੁਆਤ ਤੋਂ ਹੀ ਇੱਕ ਵੈਦਰਬਾਈ ਹੁੰਦੀ ਉਸੇ ਸਟੀਲ ਨਾਲ ਹੀ ਉਹਦੀ ਨਾਲੀ ਬਣਾਈ ਜਾਂਦੀ ਤਾਂ ਜੱਦ ਇਹਦੇ ਸੁਰਾਖ ਕਢੇ ਜਾਂਦੇ ਅਤੇ ਇੱਕ ਵੈਦਰਬਾਈ ਮੈਗਨਮ ਬਣਦੀ ਤੇ ਇਹ ਨਾ ਫਟਦੀ । ਪਰ ਕਿਉਂ ਜੋ ਇਹਨੂੰ ਕਿਸੇ ਹੋਰ ਚੀਜ ਤੋਂ ਬਦਲ ਕੇ ਬਣਾਇਆ ਗਿਆ ਸੀ ਜੋ ਇਹ ਨਹੀਂ ਸੀ, ਤੱਦ ਇਹ ਫੱਟ ਗਈ ।

ਅਤੇ ਇਸੇ ਲਈ ਹਰੇਕ ਉਸ ਮਨੁੱਖ ਨਾਲ ਇਹੀ ਗਲ ਹੋਵੇਗੀ ਜੋ ਮਸੀਹ ਹੋਣ ਦਾ ਦਾਵਾ ਕਰਦਾ ਹੈ ਜਿਹ ਨੂੰ ਨਵੇਂ ਜਨਮ ਤੋਂ ਸਹੀ ਸ਼ੁਰੁਆਤ ਨਹੀਂ ਮਿਲੀ, ਉਹ ਕਿਤੇ ਨਾ ਕਿਤੇ ਫੱਟ ਜਾਵੇਗਾ । ਇਹਦਾ ਬਹੁਤ ਜਿਆਦਾ ਦਬਾਉ ਹੁੰਦਾ ਹੈ । ਉਹ ਇਹਨੂੰ ਨਹੀਂ ਸਹਿ ਸਕੇਗਾ । ਉਹ ਆਪਣੇ ਆਪ ਨੂੰ ਕਿਤੇ ਫੱਟਿਆ ਹੋਇਆ ਪਾਵੇਗਾ ।

91 ਲੋਕ ਕਿਸੇ ਦੀ ਸੇਵਕਾਈ ਦੀ ਨਕਲ ਕਰਨ ਦੀ ਕੋਸ਼ਿਸ ਕਰਦੇ ਹਨ ਜਿਹਦੇ ਲਈ ਉਹ ਬੁਲਾਏ ਨਹੀਂ ਗਏ ਅਤੇ ਅੰਤ ਵਿੱਚ ਉਹ ਫੱਟ ਜਾਂਦੇ ਹਨ । ਤੁਹਾਨੂੰ ਪਰਮੇਸ਼ੁਰ ਦੇ ਵਲੋਂ ਹੀ ਠਹਿਰਾਇਆ ਹੋਇਆ ਹੋਣਾ ਚਾਹੀਦਾ ਹੈ ।

ਇਹ ਪਰਮੇਸ਼ੁਰ ਵਲੋਂ ਹੀ ਹੋਣਾ ਹੈ, ਕਿਸ ਹੱਥ ਮਿਲਾਉਣ ਜਾਂ ਭਾਵਨਾਤਮਕ ਕਹਾਣੀ ਨਾਲ ਨਹੀਂ ਪਰ ਇਹ ਤਾਂ ਪਰਮੇਸ਼ੁਰ ਵਲੋਂ ਵਹਾਏ ਗਏ ਲਹੂ ਦੇ ਅਧਾਰ ਤੇ ਹੀ ਹੋਣਾ ਹੈ ਅਤੇ ਤੁਹਾਡੇ ਵਿਸ਼ਵਾਸ ਉੱਤੇ ਜੋ ਪਰਮੇਸ਼ੁਰ ਨੇ ਤੁਹਾਡੇ ਲਈ ਯਿਸੂ ਮਸੀਹ ਦੇ ਵਿਚੋਂ ਦੀ ਹੋ ਕੇ ਕੀਤਾ । ਜੇ ਨਹੀਂ ਤਾਂ ਤੁਸੀਂ ਕਿਤੇ ਫੱਟ ਜਾਵੋਗੇ । ਕੋਈ ਤੁਹਾਡੇ ਪੈਰਾਂ ਉੱਤੇ ਪੈਰ ਰਖੇਗਾ ਤੇ ਤੁਸੀਂ ਨੱਸ ਜਾਵੋਗੇ ।

ਸਮਝੇ? ਸਮਝੇ, ਹਰ ਵੇਲੇ ਇੱਕ ਦਬਾਉ ਬਣ ਰਿਹਾ ਹੈ ਅਤੇ ਜਲਦੀ ਹੀ ਇਹ ਫੱਟ ਜਾਵੇਗਾ ।

92 ਮਨੁੱਖ ਜਰੂਰ ਪਨਾਹ ਵਿੱਚ ਰਹਿਣਾ ਚਾਹੁੰਦਾ ਹੈ । ਉਹ ਉਥੇ ਸ਼ਿਕਾਇਤ ਕਰਦਾ ਹੋਇਆ ਨਹੀਂ ਰਹਿ ਸਕਦਾ । ਉਹ ਜਰੂਰ ਉਥੇ ਰਹਿਣਾ ਚਾਹੁੰਦਾ ਹੈ, ਇਹਦੇ ਬਾਰੇ ਕੋਈ ਸ਼ਿਕਾਇਤ ਨਹੀਂ । ਬਾਹਰ ਉਹ ਮਰਦਾ ਹੈ, ਅੰਦਰ ਉਹ ਸੁਰੱਖਿਅਤ ਹੈ ।

93 ਅੱਛਾ, ਮੈਂ ਕੁਝ ਕਹਿਣਾ ਚਾਹੁੰਦਾ ਹਾ, ਜੋ ਲੋਕ ਇਥੇ ਹਨ, ਜੇ ਤੁਸੀਂ ਮਸੀਹ ਨਹੀਂ ਹੋ । ਮੈਂ ਪਨਾਹ ਦੇ ਇਸ ਸ਼ਹਿਰ ਵਿੱਚ ਤੀਹ ਸਾਲ ਪਹਿਲਾਂ ਆਇਆ ਸੀ । ਅਤੇ ਭਰਾਵੋ, ਮੈਂ ਕਦੇ ਵੀ ਬਾਹਰ ਨਹੀਂ ਜਾਣਾ ਚਾਹਿਆ । ਔਹ, ਮੈਂ ਮਸੀਹ ਵਿੱਚ ਆਉਂਦਾ ਹਾਂ । ਮੈਨੂੰ ਜਿਹੜੀ ਵੀ ਚੀਜ ਦੀ ਇੱਛਾ ਸੀ ਉਹ *ਇਸ* ਵਿੱਚ ਹੈ । ਮੈਂ ਬਾਹਰ ਨਹੀਂ ਜਾਣਾ ਚਾਹੁੰਦਾ । ਮੈਂ ਹਰ ਰੋਜ ਪ੍ਰਾਰਥਨਾ ਕਰਦਾ ਹਾਂ, "ਹੇ ਪਰਮੇਸ਼ੁਰ, ਮੈਂ ਇਥੇ ਬਹੁਤ ਖੁਸ਼ ਹਾਂ । ਬੱਸ ਮੈਨੂੰ ਇਥੇ ਰਹਿਣ ਦਿਓ" । ਮੈਂ ਕਦੇ ਵੀ ਛੱਡਣਾ ਨਹੀਂ ਚਾਹੁੰਦਾ ਅਤੇ ਮੈਂ ਜਾਣਦਾ ਹਾਂ ਕਿ ਉਹ ਮੈਨੂੰ ਕਦੇ ਵੀ ਨਹੀਂ ਛੱਡੇਗਾ । ਮੈਂ ਜਾਣਦਾ ਹਾਂ ਕਿ ਉਹ ਤੁਹਾਨੂੰ ਕਦੇ ਨਹੀਂ ਛੱਡੇਗਾ । ਅਤੇ ਜੇਕਰ ਦਬਾਉ ਵੱਧਦਾ ਹੈ ਤਾਂ ਉਹ ਸਾਡਾ ਨਿਕਾਸ ਹੈ, ਇਸਲਈ ਇਹਦੇ ਬਾਰੇ ਚਿੰਤਾ ਕਰਨ ਦੀ ਕੋਈ ਲੋੜ੍ਹ ਨਹੀਂ ਹੈ ।

94 ਜੇ ਤੁਸੀਂ ਦਬਾਉ ਹੇਠ ਹੋ ਅਤੇ ਨਹੀਂ ਜਾਣਦੇ ਕਿ ਤੁਸੀਂ ਕਿਥੇ ਜਾ ਰਹੇ ਹੋ, ਮੌਤ ਤੋਂ ਬਾਅਦ ਤੁਹਾਡੇ ਨਾਲ ਕੀ ਹੋਵੇਗਾ, ਅਤੇ ਤੁਸੀਂ ਜਾਣਦੇ ਹੋ ਕਿ ਤੁਸੀਂ ਕਿਸੇ ਦਿਨ ਮਰ ਜਾਵੋਗੇ, ਤੁਸੀਂ ਮਰਨਾ ਹੀ ਹੈ; ਤਾਂ ਇੰਝ ਕਰੋ ਕਿ ਪਨਾਹ ਯਿਸੂ ਮਸੀਹ ਦੀ ਪਨਾਹ ਵਿੱਚ ਆ ਜਾਓ ਅਤੇ ਦਬਾਉ ਤੋਂ ਮੁਕਤ ਹੋ ਜਾਓ। ਇਸ ਨੂੰ ਇੱਕ ਵਾਰ ਵਿੱਚ ਹੀ ਨਬੇੜ ਦਿਓ।

95 ਕੋਈ ਫਰਕ ਨਹੀਂ ਪੈਂਦਾ ਕਿ ਕੀ ਹੁੰਦਾ ਹੈ, ਮਸ਼ੀਹ ਸਾਡੀ ਪਨਾਹ ਹੈ । ਤੇ ਜਦੋਂ ਅਸੀਂ ਉਸ ਕੋਲ ਆਉਂਦੇ ਹਾਂ, ਅਸੀਂ ਦਬਾਉ ਤੋਂ ਮੁਕਤ ਹੋ ਸਕਦੇ ਹਾਂ । ਤੁਸੀਂ ਇਸ ਬਾਰੇ ਚਿੰਤਾ ਕਰਨੀ ਛੱਡ ਸਕਦੇ ਹੋ, "ਅੱਛਾ, ਜੇ ਮੈਂ ਮਰ ਗਿਆ, ਤਾਂ ਮੇਰੇ ਨਾਲ ਕੀ ਹੋਵੇਗਾ? ਪਤਨੀ ਦਾ ਕੀ ਹੋਵੇਗਾ? ਪਤੀ ਦਾ ਕੀ ਹੋਵੇਗਾ? ਬਚਿਆਂ ਨਾਲ ਕੀ ਹੋਵੇਗਾ?" ਬੱਸ ਮਸੀਹ ਕੋਲ ਆ ਜਾਓ ਅਤੇ ਦਬਾਉ ਤੋਂ ਮੁਕਤ ਹੋ ਜਾਓ । ਸਭ ਕੁਝ, ਉਹ ਸਾਨੂੰ ਸਭ ਚੀਜਾਂ ਦਿੰਦਾ ਹੈ । ਮਸੀਹ ਦੁਆਰਾ, ਸਭ ਚੀਜਾਂ ਸਾਡੀਆਂ ਹਨ ਇਸ ਲਈ ਦਬਾਉ ਮੁਕਤ ਹੋ ਜਾਓ, ਇਹ ਹੀ ਇੱਕ ਤਰੀਕਾ ਹੈ ਜਿਸ ਨਾਲ ਤੁਸੀਂ ਇਹ ਕਰ ਸਕਦੇ ਹੋ ।

96 ਕੋਈ ਤੁਹਾਨੂੰ ਦੱਸ ਲੱਖ ਡਾੱਲਰ ਦੇ ਸਕਦਾ ਹੈ । ਇਹ ਦਬਾਉ ਨੂੰ ਬਣਾਵੇਗਾ ।

ਤੁਸੀਂ ਇੱਕ ਕਲੀਸਿਯਾ ਵਿੱਚ ਸ਼ਾਮਲ ਹੋ ਸਕਦੇ ਹੋ ਅਤੇ ਅਜੇ ਵੀ ਇਹ ਦਬਾਉ ਬਣਾਵੇਗਾ । ਕਿਉਂਕਿ ਮੈਥੋਡਿਸਟ ਤੁਹਾਨੂੰ ਦੱਸਣਗੇ ਕਿ ਉਹ ਠੀਕ ਹਨ, "ਅਤੇ ਬੈਪਟਿਸਟ ਗਲਤ ਹਨ" । ਅਤੇ ਬੈਪਟਿਸਟ ਕਹਿਣਗੇ, "ਉਹ ਗਲਤ ਹਨ ਤੇ ਅਸੀਂ ਠੀਕ ਹਾਂ" । ਇਸ ਲਈ ਇਹ ਹੋਰ ਦਬਾਉ ਨੂੰ ਬਣਾਵੇਗਾ ਕਿਉਂਕਿ ਤੁਸੀਂ ਨਹੀਂ ਜਾਣਦੇ ਕਿ ਤੁਸੀਂ ਕਿਥੇ ਖੜੇ ਹੋ ।

97 ਪਰ ਜੇ ਤੁਸੀਂ ਕਦੇ ਮਸੀਹ ਕੋਲ ਆ ਜਾਵੋ ਤਾਂ ਤੁਸੀਂ ਦਬਾਉ ਤੋਂ ਮੁਕਤ ਹੋ ਸਕਦੇ ਹੋ ਕਿਉਂਕਿ ਤੱਦ ਇਹ ਸਭ ਕੁਝ ਖਤਮ ਹੋ ਜਾਂਦਾ ਹੈ, ਬੱਸ ਸਭ ਨਬੇੜਾ ਹੋ ਜਾਂਦਾ ਹੈ । ਇਹ ਪਰਮੇਸ਼ੁਰ ਦੁਆਰਾ ਮੁਹਇਆ ਕੀਤਾ ਹੋਇਆ ਸੁਰੱਖਿਆ ਦਾ ਸਥਾਨ ਹੈ, ਜਿਥੇ ਪਰਮੇਸ਼ੁਰ ਨੇ ਕਿਹਾ, "ਯਹੋਵਾਹ ਦਾ ਨਾਮ ਇੱਕ ਪੱਕਾ ਬੁਰਜ ਹੈ, ਧਰਮੀ ਭੱਜ ਕੇ ਉਸ ਵਿੱਚ ਜਾਂਦਾ ਹੈ ਤੇ ਬਚਿਆ ਰਹਿੰਦਾ ਹੈ" ।

ਬਿਮਾਰੀ ਦੇ ਵੇਲੇ, ਜਦੋਂ ਬਿਮਾਰੀ ਹਮਲਾ ਕਰਦੀ ਹੈ ਅਤੇ ਡਾਕਟਰ ਕਹਿੰਦਾ ਹੈ, "ਮੈਂ ਇਹਦੇ ਲਈ ਹੋਰ ਕੁਝ ਨਹੀਂ ਕਰ ਸਕਦਾ," ਦਬਾਉ ਨਾ ਬਣਾਓ ।

ਦਬਾਉ ਨੂੰ ਕਢ ਦਿਓ । ਆਪਣੇ ਪਾਸਟਰ ਨੂੰ ਬੁਲਾਓ । ਉਹ ਤੁਹਾਨੂੰ ਤੇਲ ਨਾ ਮਸ਼ਹ ਕਰੇ ਅਤੇ ਤੁਹਾਡੇ ਉੱਤੇ ਪ੍ਰਾਰਥਨਾ ਕਰੇ । "ਨਿਹਚਾ ਦੀ ਪ੍ਰਾਰਥਨਾ ਬੀਮਾਰ ਨੂੰ ਬਚਾਵੇਗੀ" । ਦਬਾਉ ਤੋਂ ਮੁਕਤ ਹੋ ਜਾਓ । ਸਮਝੇ?

98 ਉਹ ਸਾਡੀ ਪਨਾਹ ਹੈ । ਜਦੋਂ ਤੁਸੀਂ ਇਸ ਪਨਾਹ ਵਿੱਚ ਹੁੰਦੇ ਹੋ ਤਾਂ ਤੁਹਾਡੇ ਕੋਲ ਹਰੇਕ ਚੀਜ ਉੱਤੇ ਅਧਿਕਾਰ ਹੈ ਜੋ ਪਨਾਹ ਦੇ ਵਿੱਚ ਹੈ । ਅਤੇ ਮਸੀਹ ਸਾਡੀ ਪਨਾਹ ਹੈ ਅਤੇ ਜਿਸ ਵੀ ਚੀਜ ਦੀ ਤੁਹਾਨੂੰ ਲੋੜ ਹੈ ਉਹ ਉਸ ਵਿੱਚ ਹੈ । ਆਮੀਨ ।

ਬਿਮਾਰੀ ਵਿੱਚ, ਦਬਾਉ ਹੇਠ ਨਾ ਆਓ । ਦਬਾਉ ਮੁਕਤ ਹੋ ਜਾਓ ।

99 ਤੁਸੀਂ ਕਹਿੰਦੇ ਹੋ, "ਚੰਗਾ, ਮੈਂ—ਮੈਂ ਹੈਰਾਨ ਹਾਂ, ਭਾਈ ਬ੍ਰਾਨਹਾਮ" । ਤੁਸੀਂ ਹੈਰਾਨ ਨਾ ਹੋਵੋ ਬੱਸ ਤੁਸੀਂ ਦਬਾਉ ਤੋਂ ਮੁਕਤ ਹੋ ਜਾਓ । ਆਪਣੇ ਮਾਮਲੇ ਨੂੰ ਪਰਮੇਸ਼ੁਰ ਦੇ ਹੱਥਾਂ ਵਿੱਚ ਦੇ ਦਿਓ ਅਤੇ ਇੰਝ ਚਲੋ ਜਿਵੇਂ ਇਹ ਸਭ ਕੁਝ ਸਮਾਪਤ ਹੋ ਗਿਆ । ਇਹ ਦਬਾਉ ਨੂੰ ਨਹੀਂ ਬਣਾਉਂਦਾ । ਇਹ ਦਬਾਉ ਨੂੰ ਸਮਾਪਤ ਕਰਦਾ ਹੈ ।

100 "ਚੰਗਾ," ਤੁਸੀਂ ਕਹਿੰਦੇ ਹੋ, "ਮੈਂ ਬਹੁਤ ਚਿੰਤਾ ਵਿੱਚ ਹਾਂ, ਭਾਈ ਬ੍ਰਾਨਹਾਮ । ਬੱਸ ਮੈਂ ਨਹੀਂ ਜਾਣਦਾ" ।

ਦਬਾਉ ਨੂੰ ਖਤਮ ਹੋਣ ਦਿਓ । ਆਮੀਨ । ਪਨਾਹ ਵਾਲੇ ਸ਼ਹਿਰ ਵਿੱਚ ਉਹਨੇ ਤੁਹਾਡੀ ਚਿੰਤਾ ਲੈ ਲਈ, ਇਸ ਲਈ ਤੁਹਾਨੂੰ ਇਹ ਨਹੀਂ ਹੋਣੀ ਚਾਹੀਦੀ

। “ਆਪਣੀਆਂ ਫਿਕਰਾਂ ਉਹਦੇ ਤੇ ਸੁੱਟ ਦਿਓ, ਕਿਓਂਕਿ ਉਹ ਤੁਹਾਡੀ ਫਿਕਰ ਕਰਦਾ ਹੈ” । ਫਿਕਰ ਨਾ ਕਰੋ । ਇਹ ਉਹਦਾ ਕੰਮ ਹੈ ।

101 ਮੈਂ ਕੁਝ ਸਾਲ ਪਹਿਲਾਂ ਟੈਨ-ਸੈਂਟ ਸਟੋਰ ਵਿੱਚ ਇੱਕ ਔਰਤ ਨੂੰ ਮਿਲਿਆ । ਉਹ ਲਗਭਗ ਸੱਠ ਸਾਲ ਦੀ ਸੀ, ਪਰ ਤੀਹ ਸਾਲ ਦੀ ਲਗਦੀ ਸੀ । ਮੈਂ ਕਿਹਾ, “ਭੈਣ, ਤੁਸੀਂ ਇਹ ਕਿਵੇਂ ਕਰਦੇ ਹੋ?”

102 ਉਹਨੇ ਕਿਹਾ, “ਭਾਈ ਬ੍ਰਾਨਹਾਮ, ਮੇਰੇ ਦੋ ਪੁੱਤ੍ਰ ਹਨ ਜੋ ਡਾਕਟਰ ਹਨ ਤੇ ਉਹ ਤੁਹਾਡੇ ਤੋਂ ਵੀ ਜਿਆਦਾ ਉਮਰ ਦੇ ਹਨ” । ਅਤੇ ਉਹ ਸਚ ਮੁਚ ਤੀਹ ਸਾਲ ਤੋਂ ਉਪਰ ਨਹੀਂ ਲਗ ਰਹੀ ਸੀ । ਉਹਨੇ ਕਿਹਾ, “ਇਹੀ ਹੈ ਜੋ ਸੀ । ਜੱਦ ਮੈਂ ਮਸੀਹ ਦੇ ਕੋਲ ਆਈ ਤੱਦ ਮੈਂ ਲਗਭਗ ਬਾਰ੍ਹਾਂ ਸਾਲ ਦੀ ਸੀ, ਮੈਂ ਬੈਠ ਕੇ ਇਹਦੇ ਬਾਰੇ ਸੋਚਿਆ, ਮੈਂ ਹੋਰ ਧਰਮਾਂ ਦਾ ਅਧਿਐਨ ਕੀਤਾ । ਪਰ ਜੱਦ ਮੈਂ ਇੱਕ ਸੱਚਾ ਧਰਮ ਪਾ ਲਿਆ,” ਉਹਨੇ ਕਿਹਾ, “ਮੈਂ ਮਸੀਹ ਦੇ ਕੋਲ ਆ ਗਈ ਅਤੇ ਮੇਰੇ ਮਾਮਲੇ, ਮੇਰਾ ਪ੍ਰਾਨ, ਮੇਰਾ ਸਭ ਕੁਝ ਉਹਨੂੰ ਦੇ ਦਿੱਤਾ” । ਅਤੇ ਉਹਨੇ ਕਿਹਾ, “ਤੱਦ ਤੋਂ ਲੈ ਕੇ ਮੈਨੂੰ ਕੋਈ ਚਿੰਤਾ ਨਹੀਂ ਹੈ” । ਕਿਹਾ, “ਹੁਣ, ਉਹਨੇ ਵਾਦਾ ਕੀਤਾ ਹੈ ਕਿ ਮੈਂ ਤੇਰੀਆਂ ਸਾਰੀਆਂ ਪਰੇਸ਼ਾਨੀਆਂ ਦੀ ਚਿੰਤਾ ਕਰਾਂਗਾ,” ਅਤੇ ਕਿਹਾ, “ਜੇ ਉਹ ਇੰਨਾ ਵੱਡਾ ਨਹੀਂ ਹੈ ਕਿ ਇਹ ਕਰ ਸਕੇ ਤਾਂ ਮੈਂ ਜਾਣਦੀ ਹਾਂ ਕਿ ਮੈਂ ਵੀ ਏਨੀਂ ਵੱਡੀ ਨਹੀਂ ਕਿ ਇਹ ਕਰ ਸਕਾਂ, ਇਸ ਲਈ ਇਹਦੇ ਬਾਰੇ ਚਿੰਤਾ ਕਰਨ ਦਾ ਕੀ ਲਾਭ ਹੈ?” ਸਮਝੇ? ਇਹ ਹੀ ਹੈ ।

103 ਮਸੀਹ ਨੇ ਵਾਅਦਾ ਕੀਤਾ ਹੈ ਕਿ ਉਹ ਸਾਰੀ ਚਿੰਤਾ ਨੂੰ ਲੈ ਲਵੇਗਾ, “ਆਪਣੀ ਸਾਰੀ ਚਿੰਤਾ ਉਹਦੇ ਉੱਤੇ ਪਾ ਦਿਓ” । ਸੋ ਤੁਹਾਨੂੰ ਕਿਸ ਚੀਜ ਦੀ ਚਿੰਤਾ ਹੈ? ਚਿੰਤਾ ਦਬਾਉ ਨੂੰ ਬਣਾਉਂਦੀ ਹੈ । ਦਬਾਉ ਫਾੜ ਦਿੰਦਾ ਹੈ । ਇਸ ਲਈ ਆਪਣੀ ਚਿੰਤਾ ਉਹਦੇ ਉੱਤੇ ਸੁੱਟ ਦਿਓ ਅਤੇ ਚਿੰਤਾ ਕਰਨੀ ਛੱਡ ਦਿਓ । ਸਭ ਠੀਕ ਹੈ ।

104 ਹੁਣ, “ਚੰਗਾ,” ਤੁਸੀਂ ਕਹੋਗੇ, “ਮੈਂ ਇਹ ਕਿਵੇਂ ਕਰਾਂ?” ਬੱਸ ਉਹਦੇ ਵਾਅਦੇ ਤੇ ਭਰੋਸਾ ਕਰੋ । ਉਹਨੇ ਇੱਕ ਵਾਅਦਾ ਕੀਤਾ ਹੈ ਕਿ ਉਹ ਇਹ ਕਰੇਗਾ, ਮੌਤ ਦੇ ਵੇਲੇ ਵੀ, ਜੱਦ ਮੌਤ ਦਾ ਦੂਤ ਕਮਰੇ ਵਿੱਚ ਆਵੇਗਾ । “ਔਹ, ਭਾਈ ਬ੍ਰਾਨਹਾਮ, ਮੈਂ ਜਾਣਦਾ ਹਾਂ ਕਿ ਮੈਂ ਬੇਚੈਨ ਹੋ ਜਾਵਾਂਗਾ” । ਔਹ, ਨਹੀਂ । ਤੁਸੀਂ ਪਨਾਹ ਵਿੱਚ ਹੋ । ਨਹੀਂ, ਨਹੀਂ । ਤੁਸੀਂ ਜਾਣਦੇ ਹੋ ਕਿ ਤੁਸੀਂ ਮਰਨ ਵਾਲੇ ਹੋ; ਤੁਸੀਂ ਕਿਸੇ ਵੀ ਤਰ੍ਹਾਂ ਜਾਣਾ ਹੈ ਇਸ ਲਈ ਪਨਾਹ ਵਿੱਚ ਆ ਜਾਓ, ਸੁਰੱਖਿਅਤ ਮਹਿਸੂਸ ਕਰੋ । ਇਹ ਠੀਕ ਹੈ । ਤੁਸੀਂ ਤੱਦ ਤੱਕ ਸੁਰੱਖਿਅਤ ਹੋ ਜਿੰਨਾ ਚਿਰ ਤੁਸੀਂ ਪਨਾਹ ਵਿੱਚ ਹੋ । ਯਾਦ ਰਖੋ, ਉਹ ਤੁਹਾਡੇ ਲਈ ਮਰ ਗਿਆ । ਉਹ ਤੁਹਾਡੀ ਚਿੰਤਾ ਕਰਦਾ ਹੈ । ਉਹ ਤੁਹਾਡੇ ਲਈ ਮਰਿਆ ।

105 ਹੁਣ ਆਓ ਇੱਕ ਵਾਰ ਵੇਖੀਏ । ਤੁਸੀਂ ਕਹਿੰਦੇ ਹੋ, “ਭਾਈ ਬ੍ਰਾਨਹਾਮ, ਤੁਹਾਡਾ ਮਤਲਬ ਹੈ ਕਿ ਜਦੋਂ ਮੌਤ ਦਾ ਦੂਤ ਦਰਵਾਜੇ ਉੱਤੇ ਖੜਾ ਖੜਕਾ ਰਿਹਾ ਹੋਵੇਗਾ ਤਾਂ ਤੁਸੀਂ ਤੱਦ ਵੀ ਦਬਾਉ ਹੇਠ ਨਹੀਂ ਆਓਗੇ?” ਨਹੀਂ, ਜਰਾ ਵੀ ਨਹੀਂ । “ਅੱਛਾ, ਤੁਸੀਂ ਇਹ ਕਿਵੇਂ ਕਰੋਗੇ?” ਪਨਾਹ ਵਿੱਚ ਆ ਜਾਓ । ਇਹੀ ਸਭ ਹੈ । “ਚੰਗਾ,” ਤੁਸੀਂ ਕਹੋਗੇ, “ਭਾਈ ਬ੍ਰਾਨਹਾਮ…”

106 ਅੱਛਾ, ਹੁਣ ਇੱਕ ਮਿੰਟ ਇੰਤਜਾਰ ਕਰੋ । ਆਓ ਇਸਰਾਏਲ ਵਲ੍ਹ ਵੇਖੀਏ ਜੱਦ ਉਹ ਮਿਸਰ ਵਿੱਚ ਸਨ । ਇੱਕ ਸਮਾਂ ਆਇਆ ਜੱਦ ਪਰਮੇਸ਼ੁਰ ਨੇ ਕਿਹਾ, “ਮੈਂ ਇਸ ਧਰਤੀ ਉੱਤੇ ਮੌਤ ਦਾ ਦੂਤ ਭੇਜਾਂਗਾ ਤੇ ਉਹ ਹਰੇਕ ਟੱਬਰ ਦੇ ਜੇਠੇ ਨੂੰ ਮਾਰ ਦਵੇਗਾ ਜੇ ਉਨ੍ਹਾਂ ਦੇ ਦਰਵਾਜਿਆਂ ਉੱਤੇ ਲਹੂ ਨਾ ਲਗਾ ਹੋਵੇ,” ਇਹ ਪਰਬ ਦੀ ਮਹਾਨ ਰਾਤ ਸੀ ।

107 ਹੁਣ, ਇਥੇ ਇਸਰਾਏਲ ਹੈ, ਵਾਅਦਾ ਕੀਤੇ ਹੋਏ ਲੋਕ ਇੱਕ ਵਾਅਦਾ ਕੀਤੀ ਹੋਈ ਧਰਤੀ ਵਲ੍ਹ ਜਾ ਰਹੇ ਹਨ । ਅਤੇ ਉਹ…ਇਹ ਪਰਬ ਦੀ ਰਾਤ ਹੈ । ਮੌਤ ਦਾ ਦੂਤ ਧਰਤੀ ਉੱਤੇ ਹੈ । ਅਤੇ ਅਸੀਂ ਇੱਕ ਚੀਖ ਨੂੰ ਸੁਣਦੇ ਹਾਂ ਜਿਹੜੀ ਗਲੀ ਵਿਚੋਂ ਆ ਰਹੀ ਹੈ । ਅਸੀਂ ਬਾਹਰ ਵੇਖਦੇ ਹਾਂ । ਦੋ ਕਾਲੇ ਖੰਭ ਗਲੀ ਵਿੱਚ ਲਹਿਰਾ ਰਹੇ ਹਨ । ਕੀ ਤੁਸੀਂ ਸੋਚਦੇ ਹੋ ਕਿ ਇਸਰਾਏਲ ਉਤੇਜਿਤ ਸੀ? ਨਹੀਂ, ਸ਼੍ਰੀਮਾਨ ।

108 ਮੌਤ ਬੂਹੇ ਉੱਤੇ ਸੀ । ਛੋਟੇ ਲੜਕੇ ਨੇ ਖਿੜਕੀ ਵਿਚੋਂ ਬਾਹਰ ਵੇਖਿਆ । ਉਹ ਟੱਬਰ ਵਿਚੋਂ ਸਾਰਿਆਂ ਤੋਂ ਵੱਡਾ ਬੱਚਾ ਹੈ । ਉਹ ਉਸ ਵੱਡੇ ਕਾਲੇ ਦੂਤ ਨੂੰ ਵੇਖਦਾ ਹੈ । ਉਹ ਵੇਖਦਾ ਹੈ ਤੇ ਕਹਿੰਦਾ ਹੈ, “ਪਿਤਾ ਜੀ, ਕੀ ਤੁਸੀਂ ਮੈਨੂੰ ਪ੍ਰੇਮ ਕਰਦੇ ਹੋ?”

“ਯਕੀਨਨ, ਪੁੱਤਰ, ਮੈਂ ਤੈਨੂੰ ਪ੍ਰੇਮ ਕਰਦਾ ਹਾਂ” ।

“ਠੀਕ ਹੈ, ਪਿਤਾ ਜੀ, ਕੀ ਮੈਂ ਤੁਹਾਡਾ ਪਹਿਲਾ ਪੁੱਤਰ ਨਹੀਂ ਹਾਂ?”

“ਹਾਂ, ਤੂੰ ਹੈਂ, ਪੁੱਤਰ” ।

“ਉਥੇ ਵੇਖੋ, ਪਿਤਾ ਜੀ । ਉਸ ਦੂਤ ਨੇ ਉਸ ਛੋਟੇ ਮੁੰਡੇ ਨੂੰ ਮਾਰ ਦਿੱਤਾ । ਮੈਂ ਉਹਨੂੰ ਜਾਣਦਾ ਸੀ । ਮੈਂ ਉਹਦੇ ਨਾਲ ਖੇਡਦਾ ਹੁੰਦਾ ਸੀ । ਔਹ, ਪਿਤਾ ਜੀ, ਉਹ ਏਧਰ ਸਾਡੇ ਘਰ ਵਲ੍ਹ ਆ ਰਿਹਾ ਹੈ” ।

“ਪਰ, ਪੁੱਤ੍ਰ, ਤੂੰ ਦਰਵਾਜੇ ਉੱਤੇ ਵੇਖ?” ਹਲਲੂਯਾਹ!

“ਪਿਤਾ ਜੀ, ਕੀ ਉਹ ਮੈਨੂੰ ਲੈ ਲਵੇਗਾ?”

“ਨਹੀਂ, ਪੁੱਤ੍ਰ, ਉਹ ਤੈਨੂੰ ਨਹੀਂ ਲੈ ਸਕਦਾ” ।

“ਕਿਓਂ?”

109 "ਇਹ ਉਹਦਾ ਵਾਅਦਾ ਹੈ । 'ਜਦ ਮੈਂ ਲਹੂ ਨੂੰ ਵੇਖਾਂਗਾ ਤਾਂ ਮੈਂ ਤੇਰੇ ਉਪਰੋਂ ਦੀ ਲੰਘ ਜਾਵਾਂਗਾ' । ਪੁੱਤ੍ਰ, ਜਾ ਆਪਣੇ ਖਿਡੌਣੇ ਲੈ ਆ ਤੇ ਖੇਡਣਾ ਸ਼ੁਰੂ ਕਰ । ਚਿੰਤਾ ਕਰਨ ਦੀ ਕੋਈ ਲੋੜ੍ਹ ਨਹੀਂ ਹੈ । ਅਸੀਂ ਪਰਮੇਸ਼ੁਰ ਦੀ ਪਨਾਹ ਵਿੱਚ ਹਾਂ । ਭਾਫ ਨੂੰ ਨਿਕਲਣ ਦਿਓ" ।

110 ਇਸਰਾਏਲ ਉਥੇ ਬੈਠ ਕੇ ਬਾਈਬਲ ਪੜ੍ਹ ਸਕਦਾ ਸੀ; ਜਦਕਿ ਬਾਕੀ ਚਿਲਾ ਰਹੇ ਸਨ ਤੇ ਦਬਾਉ ਬਣਾ ਰਹੇ ਸਨ, ਇਸਰਾਏਲ ਸ਼ਾਂਤ ਸੀ । ਕਿਓਂ? ਮੌਤ ਦਰਵਾਜੇ ਤੇ ਖੜੀ ਸੀ, ਇਹਦੇ ਨਾਲ ਕੀ ਫਰਕ ਪੈਂਦਾ ਸੀ? ਇਹ ਉਹਨਾਂ ਨੂੰ ਛੂਹ ਨਹੀਂ ਸਕਦੀ ।

111 ਇਸ ਲਈ ਜੱਦ ਮੌਤ ਸਾਡੇ ਦਰਵਾਜੇ ਤੇ ਆਵੇ, ਪਰਮੇਸ਼ੁਰ ਦੀ ਮਹਿਮਾ ਹੋਵੇ, ਜੱਦ ਤੱਕ ਜੋ ਪਰਮੇਸ਼ੁਰ ਦੀ ਮੰਗ ਹੈ, ਲਹੂ ਮੇਰੇ ਦਿਲ ਦੀ ਚੋਖਟ ਤੇ ਲਗਿਆ ਹੋਇਆ ਹੈ, ਇਹਦੇ ਨਾਲ ਕੀ ਫਰਕ ਪੈਂਦਾ ਹੈ? ਇਹ ਮੈਨੂੰ ਪਰੇਸ਼ਾਨ ਨਹੀਂ ਕਰ ਸਕਦੀ ।

112 ਡਾਕਟਰ ਕਹਿੰਦਾ ਹੈ ਕਿ ਤੁਸੀਂ ਕਲ੍ਹ ਨੂੰ ਮਰਨ ਵਾਲੇ ਹੋ, ਇਹਦੇ ਨਾਲ ਕੀ ਫਰਕ ਪੈਂਦਾ ਹੈ? ਲਹੂ ਚੋਖਟ ਤੇ ਲਗਿਆ ਹੋਇਆ ਹੈ । ਤੁਸੀਂ ਕਿਸੇ ਨਾ ਕਿਸੇ ਤਰ੍ਹਾਂ ਮਰਨਾ ਤਾਂ ਹੈ । ਪਰ ਜੇਕਰ ਉਹ ਲਹੂ ਲਗਾਇਆ ਗਿਆ ਹੈ, ਤਾਂ ਮੇਰੇ ਲਈ ਇੱਕ ਪੁਨਰਉਥਾਨ ਆ ਰਿਹਾ ਹੈ । ਆਮੀਨ ।

113 ਇਸਰਾਏਲ ਸ਼ਾਂਤ ਰਹਿ ਸਕਦਾ ਸੀ, ਉਹਨਾਂ ਦੇ ਲਈ ਦਬਾਉ ਨਹੀਂ ਬਣ ਰਿਹਾ ਸੀ ਕਿਓਂਕਿ ਉਹ ਜਾਣਦੇ ਸਨ ਕਿ ਮੌਤ ਦਾ ਦੂਤ ਉਨ੍ਹਾਂ ਤੇ ਹਮਲਾ ਨਹੀਂ ਕਰ ਸਕਦਾ । ਉਹ ਲਹੂ ਦੇ ਹੇਠ ਸਨ । ਇਹ ਪਰਮੇਸ਼ੁਰ ਵਲੋਂ ਦਿੱਤਾ ਹੋਇਆ ਰਾਹ ਸੀ ।

114 ਹੁਣ ਧਿਆਨ ਦਿਓ । ਕਹਿੰਦੇ ਹਨ, "ਕੀ ਮੈਂ ਇਹਦੇ ਬਾਰੇ ਨਿਸ਼ਚਿਤ ਹੋ ਸਕਦਾ ਹਾਂ?" ਹੁਣ, ਮਸੀਹ ਲੋਕੋ, ਅਸੀਂ ਇਥੇ ਹਾਂ । "ਕੀ ਅਸੀਂ ਇਹਦੇ ਬਾਰੇ ਨਿਸ਼ਚਿਤ ਹੋ ਸਕਦੇ ਹਾਂ?" ਮੈਂ ਇਹਦੇ ਬਾਰੇ ਪਿਛਲੇ ਐਤਵਾਰ ਨੂੰ ਬੋਲਿਆ ਸੀ ।

115 ਹੁਣ, ਇਸਰਾਏਲ ਦੇ ਲੋਕ ਵਾਅਦਾ ਕੀਤੇ ਹੋਏ, ਨੇਮ ਬੰਨ੍ਹੇ ਹੋਏ, ਪਰਮੇਸ਼ੁਰ ਦੇ ਲੋਕ ਸਨ । ਉਨ੍ਹਾਂ ਨੂੰ ਇੱਕ ਧਰਤੀ ਦਾ ਵਾਅਦਾ ਦਿੱਤਾ ਗਿਆ ਸੀ ਜਿਥੇ ਦੁੱਧ ਤੇ ਸਹਿਤ ਵਹਿੰਦਾ ਸੀ । ਉਹਨਾਂ ਨੇ ਕਦੇ ਉਹ ਧਰਤੀ ਨਹੀਂ ਵੇਖੀ ਸੀ । ਉਨ੍ਹਾਂ ਵਿੱਚ ਇੱਕ ਵੀ ਕਦੇ ਉਥੇ ਨਹੀਂ ਗਿਆ ਸੀ । ਪਰ ਉਨ੍ਹਾਂ ਕੋਲ ਇਹਦੇ ਲਈ ਇੱਕ ਵਾਅਦਾ ਸੀ । ਸਮਝੇ? ਉਹ ਉਥੇ ਕਦੇ ਨਹੀਂ ਗਏ ਸਨ । ਉਹ ਉਸ ਧਰਤੀ ਬਾਰੇ ਕੁਝ ਵੀ ਨਹੀਂ ਜਾਣਦੇ ਸੀ ਪਰ ਉਨ੍ਹਾਂ ਨੂੰ ਉਸ ਧਰਤੀ ਦਾ ਵਾਅਦਾ ਦਿੱਤਾ ਗਿਆ ਸੀ । ਅਤੇ ਉਹ ਆਪਣੀ ਗੁਲਾਮੀ ਵਿਚੋਂ ਬਾਹਰ ਨਿਕਲ ਕੇ ਆਏ ਸਨ, ਪਰਮੇਸ਼ੁਰ ਦੇ ਹੱਥ ਨਾਲ ਉਹਦੇ ਨਬੀ ਦੁਆਰਾ ਤੇ ਉਹ ਯਾਤਰਾ

ਵਿੱਚ ਸਨ, ਆਪਣੇ ਆਪ ਨੂੰ ਯਾਤਰੀ ਤੇ ਅਜਨਬੀ ਕਹਿੰਦੇ ਸਨ ਤੇ ਉਸ ਧਰਤੀ ਤੇ ਜਾ ਰਹੇ ਸਨ ਜਿਹਨੂੰ ਉਨ੍ਹਾਂ ਨੇ ਕਦੇ ਨਹੀਂ ਵੇਖਿਆ ਸੀ ਜਾਂ ਉਨ੍ਹਾਂ ਵਿਚੋਂ ਕਿਸੇ ਨੇ ਵੀ ਨਹੀਂ ਵੇਖਿਆ ਸੀ। ਇਹਦੇ ਬਾਰੇ ਸੋਚੋ।

ਉਹ ਸਰਹੱਦ ਦੇ ਨੇੜ੍ਹੇ ਆ ਗਏ। ਉਹਨਾਂ ਵਿੱਚ ਮਹਾਨ ਸੂਰਮਾ ਸੀ, ਜਿਹਦਾ ਨਾਮ ਯਹੋਸ਼ੁਆ ਸੀ। *ਯਹੋਸ਼ੁਆ*...ਅਰਥ ਹੈ "ਯਹੋਵਾਹ ਬਚਾਉਣ ਵਾਲਾ"। ਤੇ ਯਹੋਸ਼ੁਆ ਯਰਦਨ ਪਾਰ ਕਰਕੇ ਵਾਅਦਾ ਕੀਤੀ ਹੋਈ ਧਰਤੀ ਵਿੱਚ ਗਿਆ ਤੇ ਇਹ ਸਬੂਤ ਲੈ ਕੇ ਵਾਪਸ ਪਰਤਿਆ ਕਿ ਇਹ ਇੱਕ ਚੰਗੀ ਧਰਤੀ ਸੀ। ਉਹ ਅੰਗੂਰਾਂ ਦਾ ਇੱਕ ਗੁਛਾ ਲੈ ਕੇ ਆਏ ਜਿਹਨੂੰ ਚੁੱਕਣ ਲਈ ਦੋ ਆਦਮੀ ਚਾਹੀਦੇ ਸਨ। ਇਹ ਬਿਲਕੁਲ ਉਸੇ ਤਰ੍ਹਾਂ ਸੀ ਜਿਵੇਂ ਪਰਮੇਸ਼ੁਰ ਨੇ ਕਿਹਾ ਸੀ। ਇਸ ਵਿੱਚ ਦੁੱਧ ਤੇ ਸਹਿਤ ਵਹਿ ਰਿਹਾ ਸੀ। ਇਸ ਗਲ੍ਹ ਨੇ ਉਨ੍ਹਾਂ ਵਿਚੋਂ ਹਰੇਕ ਨੂੰ ਅਨੰਦਿਤ ਕਰ ਦਿੱਤਾ ਹੋਵੇਗਾ। ਕਿਓਂ? ਯਹੋਸੁਆ ਉਸ ਧਰਤੀ ਦਾ ਸਬੂਤ ਲੈ ਕੇ ਆਇਆ ਸੀ ਜਿਹਦੇ ਬਾਰੇ ਕੋਈ ਕੁਝ ਵੀ ਨਹੀਂ ਜਾਣਦਾ ਸੀ, ਜਿਹਦੇ ਬਾਰੇ ਪਰਮੇਸ਼ੁਰ ਨੇ ਉਨ੍ਹਾਂ ਨੂੰ ਦੇਣ ਦਾ ਵਾਅਦਾ ਕੀਤਾ। ਸਮਝੇ? ਕਿਓਂਕਿ, ਉਹਨਾਂ ਕੋਲ ਇੱਕ ਧਰਤੀ ਦਾ ਵਾਅਦਾ ਸੀ ਤੇ ਉਹ ਉਸ ਦੇ ਰਾਹ ਤੇ ਸਨ।

116 ਹੁਣ, ਇੱਕ ਦਿਨ ਮਨੁੱਖ ਜਾਤੀ ਇੱਕ ਫਾਹੀ ਵਿੱਚ ਫੱਸ ਗਈ ਸੀ ਤੇ ਧਰਤੀ ਉੱਤੇ ਕੋਈ ਆਇਆ, ਉਹਦਾ ਨਾਮ ਯਿਸੂ ਮਸੀਹ ਸੀ। *ਯਿਸੂ* ਦਾ ਅਰਥ ਹੈ "ਯਹੋਵਾਹ ਬਚਾਉਣ ਵਾਲਾ"। ਤੇ ਉਹ ਮੌਤ ਦੀ ਯਰਦਨ ਕੋਲ ਗਿਆ। ਉਹ ਮੌਤ ਦੀ ਯਰਦਨ ਵਿੱਚ ਗਿਆ ਤੇ ਈਸਟਰ ਦੀ ਸਵੇਰ ਨੂੰ ਜੀ ਉਠਿਆ, ਇਸ ਸਬੂਤ ਨਾਲ ਕਿ ਮਨੁੱਖ ਮਰ ਕੇ ਵੀ ਜਿਉਂਦਾ ਰਹਿ ਸਕਦਾ ਹੈ। ਹਲਲੂਯਾਹ! ਮੌਤ ਅੰਤ ਨਹੀਂ ਹੈ। ਯਿਸੂ ਨੇ ਇਹ ਸਾਬਤ ਕਰ ਦਿੱਤਾ ਕਿ ਇੱਕ ਮਨੁੱਖ ਮਰ ਕੇ ਵੀ ਜਿਉਂਦਾ ਰਹਿ ਸਕਦਾ ਹੈ।

117 ਉਹ ਜਾਣ ਤੋਂ ਪਹਿਲਾਂ ਉਹਨਾਂ ਦੇ ਸਾਹਮਣੇ ਖਲੋਤਾ ਤੇ ਕਿਹਾ, "ਮੇਰੇ ਪਿਤਾ ਦੇ ਘਰ ਵਿੱਚ ਬਹੁਤ ਸਾਰੇ ਮਹਿਲ ਹਨ। ਜੇਕਰ ਇੰਝ ਨਾ ਹੁੰਦਾ ਤਾਂ ਮੈਂ ਤੁਹਾਨੂੰ ਦੱਸ ਦਿੰਦਾ। ਅਤੇ ਮੈਂ ਜਾਂਦਾ ਹਾਂ ਤੇ ਤੁਹਾਡੇ ਲਈ ਜਗ੍ਹਾ ਤਿਆਰ ਕਰਦਾ ਹਾਂ। ਮੈਂ ਉਥੇ ਜਾਵਾਂਗਾ ਤੇ ਇੱਕ ਜਗ੍ਹਾ ਤਿਆਰ ਕਰਾਂਗਾ ਤੇ ਵਾਪਸ ਆਵਾਂਗਾ ਤੇ ਤੁਹਾਨੂੰ ਆਪਣੇ ਨਾਲ ਲੈ ਜਾਵਾਂਗਾ; ਜਿਥੇ ਮੈਂ ਹੋਵਾਂਗਾ, ਉਥੇ ਤੁਸੀਂ ਵੀ ਹੋਵੋਗੇ"। ਈਸਟਰ ਦੀ ਸਵੇਰ ਨੂੰ,...

ਉਹ ਮਰ ਗਿਆ, ਏਥੋਂ ਤੱਕ ਕਿ ਚੰਦ, ਤਾਰੇ ਤੇ ਸੂਰਜ ਆਪਣੇ ਆਪ ਵਿੱਚ ਸ਼ਰਮਿੰਦੇ ਸਨ। ਉਹ ਮਰ ਗਿਆ, ਏਥੋਂ ਤੱਕ ਕਿ ਰੋਮੀ ਸਿਪਾਹੀ ਨੇ ਉਹਦਾ ਦਿਲ ਬਰਛੇ ਨਾਲ ਵਿੰਨ ਦਿੱਤਾ ਅਤੇ ਪਾਣੀ ਤੇ ਖ਼ੂਨ ਵਖਰੇ ਹੋ ਗਏ। ਉਹ

ਮਰਿਆ ਹੋਇਆਂ ਵਿਚੋਂ ਸਭ ਤੋਂ ਜਿਆਦਾ ਮਰਿਆ ਹੋਇਆ ਸੀ । ਉਹ ਕਬਰ ਵਿੱਚ ਗਿਆ ਜਿਵੇਂ ਹਰੇਕ ਮਨੁੱਖ ਜਾਂਦਾ ਸੀ । "ਉਹਦਾ ਪ੍ਰਾਣ ਨਰਕ ਵਿੱਚ ਗਿਆ," ਜਿਵੇਂ ਬਾਈਬਲ ਨੇ ਕਿਹਾ ਹੈ ।

ਪਰ ਈਸਟਰ ਦੀ ਸਵੇਰ ਨੂੰ, ਉਹ ਮੌਤ, ਨਰਕ ਤੇ ਕਬਰ ਵਿਚੋਂ ਵਾਪਸ ਆ ਗਿਆ ਤੇ ਕਿਹਾ, "ਮੈਂ ਉਹੀ ਹਾਂ ਜੋ ਮਰ ਗਿਆ ਸੀ ਤੇ ਹੁਣ ਯੁਗੋ ਯੁੱਗ ਜਿਉਂਦਾ ਹਾਂ ਅਤੇ ਮੌਤ ਤੇ ਨਰਕ ਦੀਆਂ ਕੁੰਜੀਆਂ ਮੇਰੇ ਕੋਲ ਹਨ । ਮੈਂ ਇੱਕ ਮਨੁੱਖ ਹਾਂ" ।

ਉਹਨਾਂ ਕਿਹਾ, "ਉਹ ਇੱਕ ਆਤਮਾ ਹੈ" ।

ਕਿਹਾ, "ਮੈਨੂੰ ਇੱਕ ਮਛੀ ਰੋਟੀ ਦੇ ਵਿੱਚ ਦਿਓ" । ਤੇ ਉਹਨੇ ਮਛੀ ਤੇ ਰੋਟੀ ਖਾਦੀ ।

118 ਉਹ ਇੱਕ ਮਨੁੱਖ ਸੀ ਜੋ ਮਰ ਗਿਆ ਤੇ ਉਸ ਧਰਤੀ ਉੱਤੇ ਗਿਆ, ਅਤੇ ਇਸ ਸਬੂਤ ਦੇ ਨਾਲ ਵਾਪਸ ਆਇਆ ਕਿ ਇੱਕ ਮਨੁੱਖ ਮਰਨ ਦੇ ਬਾਅਦ ਵੀ ਜੀ ਸਕਦਾ ਹੈ । ਮੌਤ ਦਾ ਸਾਡੇ ਨਾਲ ਕੀ ਕੰਮ ਹੈ? ਆਮੀਨ । ਦਬਾਉ ਨੂੰ ਨਿਕਲਣ ਦਿਓ ।

119 ਹੁਣ, ਬੱਸ ਇਹ ਹੀ ਨਹੀਂ ਪਰ ਉਹਨੇ ਸਾਨੂੰ ਵਾਅਦਾ ਦਿੱਤਾ ਹੈ । ਇਹ ਕੀ ਸੀ? ਉਹਨੇ ਸਾਨੂੰ ਸਾਡੀ ਵਿਰਾਸਤ ਦਾ ਬਿਆਨਾ ਦਿੱਤਾ । ਉਹਨੇ ਕਿਹਾ, "ਹੁਣ ਹਰੇਕ ਵਿਸ਼ਵਾਸੀ ਦੇ ਲਈ ਸਾਬਤ ਕਰਨ ਦੇ ਲਈ । ਹੁਣ ਤੁਸੀਂ ਇਥੇ ਬੇਪ੍ਰਤੀਤੀ ਨਾਲ ਚੱਲ ਰਹੇ ਹੋ । ਤੁਸੀਂ ਵਚਨ ਉੱਤੇ ਵਿਸ਼ਵਾਸ ਨਹੀਂ ਕਰਦੇ ਹੋ । ਤੁਸੀਂ ਪਾਪ ਵਿੱਚ ਚੱਲ ਰਹੇ ਹੋ ਤੇ ਸੰਸਾਰ ਦੀਆਂ ਚੀਜਾਂ ਦੇ ਵਿੱਚ । ਪਰ ਉਹ ਜੋ ਮੇਰੇ ਉੱਤੇ ਵਿਸ਼ਵਾਸ ਕਰਦਾ ਹੈ ਉਸ ਕੋਲ ਸਦੀਪਕ ਜੀਵਨ ਹੈ, ਇੱਕ ਜੀਵਨ ਜੋ ਕਦੇ ਮਰ ਨਹੀਂ ਸਕਦਾ" ।

120 ਧਿਆਨ ਦਿਓ, ਜੱਦ ਅਸੀਂ ਉਹਦੀ ਆਤਮਾ ਨੂੰ ਪਾਉਂਦੇ ਹਾਂ, ਅਸੀਂ ਜੋ ਇੱਕ ਸਮੇਂ ਪਾਪਾਂ ਤੇ ਅਪਰਾਧਾਂ ਵਿੱਚ ਮਰੇ ਹੋਏ ਸੀ, ਉਹ ਸਾਨੂੰ ਨਵਾਂ ਜਨਮ ਦਿੰਦਾ ਹੈ, ਨਵੀਂ ਜਿੰਦਗੀ । ਉਹ ਕੀ ਕਰਦਾ ਹੈ? ਉਹ...ਅਸੀਂ ਯਿਸੂ ਮਸੀਹ ਵਿੱਚ ਮਰੇ ਹੋਏ ਹਨ ਤੇ ਦੱਬੇ ਹੋਏ ਹਾਂ । ਅਸੀਂ ਆਤਮਾ ਵਿੱਚ ਜੀ ਉਠੇ, ਸੰਸਾਰਿਕ ਚੀਜਾਂ ਤੋਂ ਮਰ ਕੇ ਸਵਰਗੀ ਚੀਜਾਂ ਦੇ ਲਈ । ਅਤੇ ਅੱਜ ਰਾਤ, "ਅਸੀਂ ਮਸੀਹ ਯਿਸੂ ਦੇ ਵਿੱਚ ਮਿਲ ਕੇ ਸਵਰਗੀ ਥਾਵਾਂ ਤੇ ਬੈਠੇ ਹਾਂ" ।

121 ਇਥੇ ਕਿੰਨੇ ਮਸੀਹ ਹਨ ਜੋ ਅਜੇ ਵੀ ਸੰਸਾਰ ਨੂੰ ਪ੍ਰੇਮ ਕਰਦੇ ਹਨ? ਜੇ ਤੁਸੀਂ ਕਰਦੇ ਹੋ ਤਾਂ ਤੁਸੀਂ ਮਸੀਹ ਨਹੀਂ ਹੋ । ਤੁਸੀਂ ਮਸੀਹਤ ਦਾ ਦਾਅਵਾ ਕਰ ਸਕਦੇ ਹੋ ਪਰ ਤੁਸੀਂ ਉਹਦੇ ਅਧਿਕਾਰੀ ਨਹੀਂ ਹੋ । ਕਿਉਂਕਿ ਜਦੋਂ ਇੱਕ ਮਨੁੱਖ ਨੇ ਮਸੀਹ ਦਾ ਸੁਆਦ ਚੱਖ ਲਿਆ ਤਾਂ ਉਹ ਸੰਸਾਰ ਦੀਆਂ ਚੀਜਾਂ ਦੇ ਲਈ

ਮਰਿਆ ਹੋਇਆ ਹੈ ਕਿਸੇ ਵੀ ਤਰ੍ਹਾਂ ਉਹਦੇ ਕੋਲ ਮੁੜ ਉਹਨਾਂ ਵਾਲ ਜਾਨ ਦੀ ਇੱਛਾ ਨਹੀਂ ਰਹਿੰਦੀ ।

122 ਇਹਦੇ ਨਾਲ ਕੀ ਹੁੰਦਾ ਹੈ? "ਜੀਵਨ," ਪੌਲੁਸ ਨੇ ਕਿਹਾ, "ਇੱਕ ਸਮੇਂ ਮੈਂ ਜਿਉਂਦਾ ਸੀ, ਹੁਣ ਮੈਂ ਜਿਉਂਦਾ ਨਹੀਂ । ਫਿਰ ਵੀ ਮੈਂ ਜਿਉਂਦਾ ਹਾਂ ਪਰ ਮੈਂ ਨਹੀਂ ਸਗੋਂ ਮਸੀਹ ਮੇਰੇ ਵਿੱਚ ਜਿਉਂਦਾ ਹੈ" । ਕਿਉਂ? ਉਹਨੇ ਓਸ ਨੂੰ ਸੰਸਾਰ ਦੇ ਨੀਵੇਂ ਸਤਰ ਦੇ ਪਾਪ ਤੂੰ ਉਪਰ ਚੁੱਕ ਲਿਆ, ਅਜਿਹੀ ਜਗਾ ਤੇ ਲੈ ਆਇਆ ਜਿਥੋਂ ਅਸੀਂ ਆਪ ਮੁੜ ਕੇ ਆਪਣੇ ਆਪ ਨੂੰ ਵੇਖ ਸਕਦੇ ਹਾਂ ਅਤੇ ਵੇਖ ਸਕਦੇ ਹਾਂ ਕਿ ਅਸੀਂ ਕਿਥੋਂ ਆਏ ਹਾਂ । ਮਹਿਮਾ ਹੋਵੇ! ਪਿਛਾਂਹ ਝਾਤੀ ਮਾਰੋ ਤੇ ਵੇਖੋ ਅਸੀਂ ਇੱਕ ਸਮਾਂ ਕਿਥੇ ਜਿਉਂਦੇ ਸੀ । ਹੁਣ ਅਸੀਂ ਹੋਰ ਤਰ੍ਹਾਂ ਜਿਉਂਦੇ ਹਾਂ । ਇਹ ਕੀ ਹੈ? ਇਹ ਇਸ ਗਲ ਦਾ ਪੱਕਾ ਸਬੂਤ ਹੈ ਕਿ ਅਸੀਂ ਮਰੇ ਹੋਏ ਹਾਂ ਤੇ ਸਾਡੇ ਜੀਵਨ ਮਸੀਹ ਵਿੱਚ ਲੁਕੇ ਹੋਏ ਹਨ, ਪਰਮੇਸ਼ੁਰ ਦੁਆਰਾ ਅਤੇ ਸਾਨੂੰ ਪਵਿੱਤਰ ਆਤਮਾ ਦੁਆਰਾ ਮੋਹਰਬੰਦ ਕੀਤਾ ਗਿਆ ਹੈ ਅਤੇ ਉਹਨਾਂ ਚੀਜਾਂ ਤੋਂ ਉੱਪਰ ਚੁੱਕ ਲਿਆ ਗਿਆ ਹੈ । ਤੱਦ ਅਸੀਂ ਜਿਉਂਦੇ ਹਾਂ, ਉਸ ਸਬੂਤ ਨਾਲ ਜੋ ਉਹ ਲੈ ਵਾਪਸ ਆਇਆ ਸੀ ਤਾਂ ਕਿ ਸਾਨੂੰ ਸਾਬਤ ਕਰ ਕੇ ਦੱਸੇ ।

123 ਉਹ ਧਰਤੀ ਸ਼ਾਨਦਾਰ ਹੈ ਤੇ ਇਹ ਬਿਆਨਾ ਹੈ । ਇਹ ਸਾਡੀ ਮੁਕਤੀ ਦਾ ਬਿਆਨਾ ਹੈ । ਇਹ ਪਹਿਲਾ ਪੈਸਾ ਹੈ ਜੋ ਇਕਰਾਰਨਾਮੇ ਨੂੰ ਬਰਕਰਾਰ ਰਖਦਾ ਹੈ । ਮਹਿਮਾ! ਇਹ ਪਰਮੇਸ਼ੁਰ ਦੇ ਇਕਰਾਰਨਾਮੇ ਨੂੰ ਫੜ੍ਹੀ ਰਖਦਾ ਹੈ, "ਉਹ ਜੋ ਮੇਰੇ ਵਚਨਾਂ ਨੂੰ ਸੁਣਦਾ ਹੈ, ਮੇਰੇ ਘੱਲਣ ਵਾਲੇ ਤੇ ਵਿਸ਼ਵਾਸ ਕਰਦਾ ਹੈ, ਉਹਦੇ ਕੋਲ ਅਨੰਤ ਜੀਵਨ ਹੈ ਤੇ ਉਹਦੇ ਉੱਤੇ ਸਜਾ ਦਾ ਕੋਈ ਹੁਕਮ ਨਹੀਂ ਹੈ ਪਰ ਮੌਤ ਨੂੰ ਪਾਰ ਕਰ ਕੇ ਜੀਵਨ ਵਿੱਚ ਪ੍ਰਵੇਸ਼ ਕਰ ਚੁੱਕਾ ਹੈ" । ਦਬਾਉ ਨੂੰ ਨਿਕਲਣ ਦਿਓ, ਭਾਈ । ਹਾਂ, ਸ਼੍ਰੀਮਾਨ । ਕੀ ਤੁਹਾਨੂੰ ਸਮਝ ਲਗੀ? [ਸਭਾ ਆਖਦੀ ਹੈ, "ਆਮੀਨ" ।—ਸੰਪਾਦਕ]

124 ਵੇਖੋ, ਜਿਵੇਂ ਏਲੀਯਾਹ ਇੱਕ ਮਹਾਨ ਨਬੀ ਸੀ, ਉਹ ਇੱਕ ਮਸੀਹ ਦਾ ਨਮੂਨਾ ਸੀ । ਏਲੀਯਾਹ, ਕਲੀਸਿਯਾ ਦਾ ਨਮੂਨਾ ਸੀ, ਜਿਹਦੇ ਉੱਤੇ ਨਬੀ ਦਾ ਦੁਗਣਾ ਮਸ਼ਹ ਆਇਆ ਸੀ । ਉਹ ਇੱਕ ਦਿਨ ਚੱਲ ਕੇ ਯਰਦਨ ਕੋਲ ਗਿਆ; ਇਹ ਇੱਕ ਅੱਜ ਦੇ ਦਿਨ ਦਾ ਨਮੂਨਾ ਹੈ, ਜਿਵੇਂ ਸਾਡੀ ਇਹ ਸਰਕਾਰ ਅਤੇ ਹੋਰ ਚੀਜਾਂ ਹਨ; ਅਹਾਬ, ਈਜ਼ਬਲ ਤੇ ਵਗੈਰਾ ਵਗੈਰਾ । ਜਿਵੇਂ ਕਿ ਤੁਹਾਨੂੰ ਮੇਰਾ ਈਜਬਲ ਸੰਦੇਸ਼ ਯਾਦ ਹੋਵੇਗਾ । ਧਿਆਨ ਦਿਓ ਜਦੋਂ ਅਲੀਸ਼ਾ ਏਲੀਯਾਹ ਦੇ ਪਿਛੇ ਚੱਲ ਰਿਹਾ ਸੀ, ਇਹਦਾ ਇੱਕ ਕਾਰਨ ਸੀ । ਆਮੀਨ । ਉਹ ਓਸ ਨੂੰ ਕਿਥੇ ਲੈ ਕੇ ਗਿਆ? ਯਰਦਨ ਕੋਲ, ਰਾਮੋਥ-ਗਿਲਆਦ ਵਿੱਚ, ਨਬੀਆਂ ਦੇ ਇੱਕ ਸਕੂਲ ਕੋਲ ਅਤੇ ਫਿਰ ਯਰਦਨ ਕੋਲ । ਇਸੇ ਤਰ੍ਹਾਂ ਉਹ ਤੁਹਾਨੂੰ ਲੈ

ਕੇ ਜਾਂਦਾ ਹੈ । ਧਰਮੀ ਠਹਿਰਾਉਣ ਦੁਆਰਾ, ਪਵਿੱਤਰ ਕਰਨ ਦੁਆਰਾ ਤੇ ਮਰ ਜਾਣਾ ਕਿ ਜੀਵਨ ਨੂੰ ਪ੍ਰਾਪਤ ਕਰੀਏ । ਆਮੀਨ । ਕਿਸੇ ਨਾਮਧਾਰੀ ਜਾਂ ਮੱਤਸਾਰ ਕੋਲ ਨਹੀਂ । ਪਰ ਤੁਹਾਡੀ ਆਤਮਾ ਦੀ ਮੌਤ ਤਾਂ ਜੋ ਤੁਸੀਂ ਨਵੇਂ ਸਿਰੇ ਤੋਂ ਜਨਮ ਪ੍ਰਾਪਤ ਕਰ ਸਕੋ । ਅਤੇ ਅਲੀਸ਼ਾ...

125 ਏਲੀਯਾਹ ਨੇ ਉਸ ਪਾਣੀ ਨੂੰ ਮਾਰਿਆ, ਯਰਦਨ ਦੇ ਵਿਚੋਂ ਦੀ ਚਲ ਕੇ ਗਿਆ ਤੇ ਅਲੀਸ਼ਾ ਉਹਦੇ ਪਿਛੇ ਪਿਛੇ ਗਿਆ । ਤੇ ਜਦੋਂ ਅਲੀਸ਼ਾ ਦੂਸਰੇ ਪਾਸੇ ਮੁੜ੍ਹ ਧਰਤੀ ਉੱਤੇ ਆਇਆ ਤਾਂ ਉਹ ਦੂਣੇ ਹਿੱਸੇ ਨਾਲ ਵਾਪਸ ਆਇਆ ।

ਅੱਜ, ਅਸੀਂ ਯਿਸੂ ਮਸੀਹ ਦਾ ਪਿੱਛਾ ਉਹਦੀ ਮੌਤ, ਦਫ਼ਨਾਏ ਜਾਣ ਅਤੇ ਬਪਤਿਸਮੇ...ਮੌਤ, ਦਫ਼ਨਾਏ ਜਾਣ ਤੇ ਪੁਨਰ ਉਥਾਨ ਬਲਕਿ ਬਪਤਿਸਮੇ ਦੁਆਰਾ ਕਰਦੇ ਹਾਂ । ਅਸੀਂ ਓਸ ਤੇ ਵਿਸ਼ਵਾਸ ਕਰਦੇ ਹਾਂ । ਅਸੀਂ ਸੰਸਾਰ ਦੀਆਂ ਚੀਜਾਂ ਦੇ ਲਈ ਮਰੇ ਹੋਏ ਹਾਂ, ਇਹ ਮੰਨਦੇ ਹਾਂ ਕਿ ਅਸੀਂ ਕੁਝ ਵੀ ਨਹੀਂ ਹਾਂ, ਉਹਦੇ ਨਾਮ ਵਿੱਚ ਬਪਤਿਸਮਾ ਲਿਆ ਹੈ, ਬਪਤਿਸਮੇ ਵਿੱਚ ਉਹਦੇ ਨਾਲ ਦੱਬੇ ਗਏ ਹਾਂ ਪੁਨਰਉਥਾਨ ਵਿੱਚ ਉਹਦੇ ਨਾਲ ਜੀ ਉਠੇ । ਸਾਡੀਆਂ ਆਤਮਾਵਾਂ ਸੰਸਾਰ ਦੀਆਂ ਚੀਜਾਂ ਨਾਲੋਂ ਉਪਰ ਜਿਉਂਦਿਆਂ ਹਨ । ਤਾਂ ਫਿਰ ਅਸੀਂ ਮਸੀਹ ਵਿੱਚ ਹਾਂ । ਹੁਣ, ਸਾਡੇ ਕੋਲ ਇੱਕ ਹਿੱਸਾ ਹੈ ।

126 ਜਦੋਂ ਅਸੀਂ ਯਰਦਨ ਦੀ ਮੌਤ ਦੀ ਲਕੀਰ ਤੋਂ ਵਾਪਸ ਆਵਾਂਗੇ, ਤਾਂ ਸਾਡੇ ਕੋਲ ਦੂਸਰਾ ਹਿੱਸਾ ਵੀ ਹੋਵੇਗਾ । ਸ਼ਰੀਰ ਜੋ ਹੁਣ ਸਾਡੇ ਹਨ, ਉਹ ਆਤਮਾ ਜੋ ਸਾਡੇ ਕੋਲ ਹੈ, ਸਾਡੇ ਕੋਲ ਬਿਆਨਾ ਹੈ, ਪਵਿੱਤਰ ਆਤਮਾ ਜੋ ਕਦੇ ਵੀ ਮਰ ਨਹੀਂ ਸਕਦਾ ਕਿਓਂਕਿ ਇਹ ਪਰਮੇਸ਼ੁਰ ਦਾ ਹਿੱਸਾ ਹੈ । ਅਤੇ ਸ਼ਰੀਰ ਜਿਨ੍ਹਾਂ ਵਿੱਚ ਅਸੀਂ ਰਹਿੰਦੇ ਹਾਂ..."ਉਹ ਜੋ ਮੇਰਾ ਮਾਸ ਖਾਂਦਾ ਅਤੇ ਮੇਰਾ ਲਹੂ ਪੀਂਦਾ ਹੈ ਉਹਦੇ ਕੋਲ ਸਦੀਪਕ ਜੀਵਨ ਹੈ ਅਤੇ ਮੈਂ ਉਹਨੂੰ ਅੰਤ ਦੇ ਦਿਨਾਂ ਵਿੱਚ ਜਿਉਂਦਾ ਉਠਾਵਾਂਗਾ" । ਆਮੀਨ । ਦਬਾਉ ਨੂੰ ਨਿਕਲ ਲੈਣ ਦਿਓ ।

127 ਇਸ ਨਾਲ ਕੀ ਫਰਕ ਪੈਂਦਾ ਹੈ, ਪਰਮਾਣੂ ਬੰਬ ਜਾਂ ਕੁਝ ਵੀ ਹਮਲਾ ਕਰੇ? ਉਹ ਜੋ ਚਾਹੁੰਦੇ ਹਨ ਉਨ੍ਹਾਂ ਨੂੰ ਕਰਨ ਦਿਓ...[ਟੇਪ ਉੱਤੇ ਖਾਲੀ ਥਾਂ—ਸੰਪਾਦਕ ।]...ਇੱਕ ਗੱਲ ਹੈ ਕਿ ਸਾਡੇ ਕੋਲ ਸਾਡੇ ਪ੍ਰਭੂ ਯਿਸੂ ਮਸੀਹ ਦੁਆਰਾ ਅਨੰਤ ਜੀਵਨ ਹੈ । ਇਸ ਲਈ ਸੰਸਾਰ ਕੀ ਕਹਿੰਦਾ ਹੈ ਅਸੀਂ ਉਹਦੀ ਚਿੰਤਾ ਕਿਓਂ ਕਰੀਏ । ਅਸੀਂ ਦਬਾਉ ਦੀ ਚਿੰਤਾ ਕਿਓਂ ਕਰੀਏ । ਇਸ ਨਾਲ ਸਾਨੂੰ ਕੋਈ ਫਰਕ ਨਹੀਂ ਪੈਂਦਾ । ਕਿਓਂ? ਕਿਓਂਕਿ ਅਸੀਂ ਦਬਾਉ ਨੂੰ ਕਢ ਦਵਾਂਗੇ ।

[ਟੇਪ ਉੱਤੇ ਖਾਲੀ ਥਾਂ—ਸੰਪਾਦਕ ।]
ਉਥੇ ਆਓ ਜਿਥੇ ਦਯਾ ਦੀ ਤ੍ਰੇਲ ਦੀਆਂ ਬੂੰਦਾ ਚਮਕਦਾਰ
ਹਨ;

ਸਾਡੇ ਚਾਰੇ ਪਾਸੇ ਦਿਨ ਵਿੱਚ ਅਤੇ...[ਟੇਪ ਉੱਤੇ ਖਾਲੀ ਥਾਂ ।]
ਯਿਸੂ, ਜਗਤ ਦੀ ਉਜਾਲਾ ।

128 ਹੁਣ, ਆਪਣੇ ਸਿਰਾਂ ਨੂੰ ਝੁਕਾ ਕੇ ਆਪਣੇ ਹੱਥਾਂ ਨੂੰ ਉਪਰ ਚੁਕਾਂਗੇ ।

ਅਸੀਂ ਉਜਾਲੇ ਵਿੱਚ ਚਲਾਂਗੇ, ਸੁੰਦਰ ਉਜਾਲਾ,
ਉਥੇ ਆਓ ਜਿਥੇ ਦਯਾ ਦੀ ਤ੍ਰੇਲ ਦੀਆਂ ਬੂੰਦਾ ਚਮਕਦਾਰ ਹਨ;
ਸਾਡੇ ਚਾਰੇ ਪਾਸੇ ਦਿਨ ਤੇ ਰਾਤ ਵਿੱਚ ਚਮਕਦੀਆਂ ਹਨ
ਯਿਸੂ, ਜਗਤ ਦਾ ਉਜਾਲਾ ।

129 ਸਾਡੇ ਸਵਰਗੀ ਪਿਤਾ, ਸ਼ਤਾਨ ਜੰਗ ਹਾਰ ਗਿਆ ਹੈ । ਬੱਸ ਧੀਰਜ ਰਖੋ । ਦਬਾਉ ਨਾ ਬਣਨ ਦਿਓ । ਇਥੇ ਖੜਾ ਹੋ ਕੇ "ਦਬਾਉ ਤੋਂ ਮੁਕਤ ਹੋਣ," ਤੇ ਪਰਚਾਰ ਕਰ ਰਿਹਾ ਹਾਂ ਤੇ ਸ਼ਤਾਨ ਸੋਚ ਰਿਹਾ ਸੀ ਕਿ ਉਹ ਮੈਨੂੰ ਪਰਚਾਰ ਮੰਚ ਤੋਂ ਭੱਜਾ ਦੇਵੇਗਾ, ਮੈਨੂੰ ਇਸ ਵੇਦੀ ਤੋਂ ਬਾਹਰ ਕਰ ਦਵੇਗਾ । ਨਹੀਂ, ਪ੍ਰਭੂ । ਮੇਰੇ ਦਿਲ ਵਿੱਚ ਕੋਈ ਚੀਜ ਬਲ੍ਹ ਰਹੀ ਸੀ, ਕਹਿ ਰਹੀ ਸੀ, "ਇਥੇ ਕੋਈ ਹੈ । ਕੋਈ ਹੈ ਜੋ ਚਟਾਨ ਨੂੰ ਭਾਲ ਰਿਹਾ ਹੈ" । ਪਿਤਾ ਅਸੀਂ ਜਿੱਤ ਦੇ ਲਈ ਤੇਰਾ ਧੰਨਵਾਦ ਕਰਦੇ ਹਾਂ । ਜੱਦ ਉਹ ਆਖਰੀ ਵਿਅਕਤੀ ਵੇਦੀ ਕੋਲ ਆਇਆ ਤਾਂ ਬਿਜਲੀ ਆ ਗਈ । ਉਹ ਨੇ ਵੇਖ ਲਿਆ ਹੈ ਕਿ ਉਹ ਹਾਰ ਗਿਆ ਹੈ ਇਸ ਲਈ ਹੋ ਸਕਦਾ ਹੈ ਉਹ ਲੜਾਈ ਛੱਡ ਦਵੇ ।

130 ਇਥੇ ਅੱਜ ਰਾਤ ਦਯਾ ਦੇ ਨੰਬਰ ਖੜੇ ਹਨ, ਪੰਜ ਕੀਮਤੀ ਪ੍ਰਾਣ । ਪੰਜ:J-e-s-u-s, f-a-i-t-h, ਦਯਾ, g-r-a-c-e ।ਹੇ ਪਰਮੇਸ਼ੁਰ, ਤੂੰ ਪਰਮੇਸ਼ੁਰ ਹੈਂ । ਤੂੰ ਕਦੇ ਅਸਫਲ ਨਹੀਂ ਹੁੰਦਾ । ਤੂੰ ਹਮੇਸ਼ਾ ਠੀਕ ਹੈਂ ।

131 ਮੈਂ ਵੇਖ ਰਿਹਾ ਹਾਂ, ਇਸ ਪਾਸੇ ਭੈਣ ਵਿਲਸਨ ਦੀ ਪੁੱਤਰੀ ਖੜੀ ਹੈ । ਮੈਂ ਉਸ ਛੋਟੀ ਕੁੜੀ ਨੂੰ ਯਾਦ ਕਰ ਸਕਦਾ ਹਾਂ । ਮੈਨੂੰ ਯਾਦ ਹੈ ਜਦੋਂ ਤੁਸੀਂ ਉਹਨੂੰ ਬੁਲਾਇਆ । ਮੈਂਨੂੰ ਉਹ ਨਿਊ ਮਾਰਕਿਟ ਦੀ ਰਾਤ ਯਾਦ ਹੈ, ਕਈ ਸਾਲ ਪਹਿਲੇ । ਉਥੇ ਓਸ ਰਾਤ, ਪ੍ਰਭੂ ਮੈਨੂੰ ਯਾਦ ਹੈ ।

132 ਇਥੇ ਉਹਦੇ ਨਾਲ ਇੱਕ ਔਰਤ ਖੜੀ ਹੈ ਜੋ ਨਿਊ ਯਾਰਕ ਤੋਂ ਆਈ ਹੈ ਤਾਂ ਕਿ ਸਾਡੇ ਨਾਲ ਰਹੇ ।

133 ਇਥੇ ਇੱਕ ਜਵਾਨ ਆਦਮੀ ਤੇ ਇੱਕ ਜਵਾਨ ਔਰਤ ਹੈ, ਜਦਕਿ ਸੰਸਾਰ ਬਾਹਰ ਹਰੇਕ ਤਰ੍ਹਾਂ ਦੇ ਗੰਦੇ ਨਾਚ ਕਰਦਾ ਹੋਇਆ ਅਗੇ ਵੱਧ ਰਿਹਾ ਹੈ । ਉਹ ਉਸ ਚਟਾਨ ਨੂੰ ਲਭਣ ਲਈ ਤੁਰ ਪਏ ਹਨ ।

134 ਵੇਦੀ ਦੇ ਅਖੀਰ ਤੇ ਇੱਕ ਜਵਾਨ ਆਪਣੇ ਹੱਥ ਉਪਰ ਚੁੱਕ ਕੇ ਖੜਾ ਹੈ, ਉਹ ਚਟਾਨ ਨੂੰ ਲਭਣਾ ਚਾਹੁੰਦਾ ਹੈ। ਯਿਸੂ, ਤੂੰ ਉਹ ਚਟਾਨ ਹੈਂ। ਅਤੇ ਤੂੰ ਇਹ ਕਿਹਾ ਸੀ, “ਜਦ ਵੀ ਦੋ ਜਾਂ ਤਿੰਨ ਮੇਰੇ ਨਾਮ ਵਿੱਚ ਇੱਕਠੇ ਹੋਣਗੇ, ਮੈਂ ਉਹਨਾਂ ਦੇ ਵਿਚਕਾਰ ਹੋਵਾਂਗਾ”। ਤਾਂ ਫਿਰ ਉਹ ਚਟਾਨ ਇਥੇ ਹੈ।

135 ਇਹ ਅਜੀਬ ਲਗ ਸਕਦਾ ਹੈ, ਪਿਤਾ, ਪਰ ਇਹ ਬਹੁਤ ਸਾਧਾਰਣ ਹੈ। ਤੁਸੀਂ ਚੀਜਾਂ ਨੂੰ ਇੰਨਾ ਸਾਧਾਰਣ ਬਣਾ ਦਿੰਦੇ ਹੋ ਤਾਂ ਕਿ ਅਸੀਂ ਗਲਤੀ ਨਾ ਕਰੀਏ। ਪਰ ਕਿਓਂਕਿ ਉਹ ਆਪਣੀਆਂ ਕੁਰਸੀਆਂ ਤੋ ਉਠ ਖੜੇ ਹੋਏ ਹਨ ਤੇ ਬੁਲਾਏ ਜਾਣ ਤੇ ਆਏ ਹਨ ਕਿਓਂਕਿ ਸ਼ਤਾਨ ਨੇ ਕੋਸ਼ਿਸ ਕੀਤੀ ਕਿ ਉਹਨਾਂ ਨੂੰ ਇਹ ਕਰਨ ਤੋਂ ਡੱਕ ਸਕੇ, ਹਰੇਕ ਕੌਸ਼ਿਸ ਉਹਨੇ ਕੀਤੀ, ਉਹਨੇ ਇਹ ਕਰਨ ਦੀ ਕੌਸ਼ਿਸ ਕੀਤੀ ਪਰ ਉਹ ਹਾਰ ਗਿਆ। ਹੁਣ, ਤੇਰਾ ਦਾਸ ਹੋਣ ਦੇ ਨਾਤੇ ਮੈਂ ਆਪਣੇ ਹੱਥ ਉਹਨਾਂ ਤੇ ਰੱਖਣ ਜਾ ਰਿਹਾ ਹਾਂ ਤੇ ਤੁਹਾਡੀਆਂ ਬਰਕਤਾਂ ਨੂੰ ਬੋਲਾਂਗਾ। ਅਤੇ, ਪਰਮੇਸ਼ੁਰ, ਇਹ ਹੋ ਜਾਵੇ। ਕਿਓਂਕਿ ਇਹ ਲੋਕ ਇਮਾਨਦਾਰ ਅਤੇ ਸਚੇ ਹਨ ਤਾਂਕਿ ਆਤਮਾ ਦੀ ਅਗੁਵਾਈ ਨਾਲ ਚੱਲਣ, ਮੈਂ ਉਹ ਹੀ ਕਰਦਾ ਹਾਂ।

136 ਹੁਣ, ਮੈਂ ਇਹ ਮੰਗਦਾ ਹਾਂ ਕਿ ਮੇਰੀ ਭੈਣ ਦਾ ਪ੍ਰਾਣ ਕਦੇ ਵੀ ਨਾਸ਼ ਨਾ ਹੋਵੇ, ਉਹਦੇ ਦਿਲ ਦੀ ਇੱਛਾ ਜੋ ਸਦੀਪਕ ਜੀਵਨ ਹੈ ਉਹ ਨੂੰ ਦਿੱਤੀ ਜਾਵੇ, ਯਿਸੂ ਮਸੀਹ ਦੇ ਨਾ ਦੁਆਰਾ।

137 ਮੈਂ ਆਪਣੇ ਹੱਥ ਆਪਣੀ ਭੈਣ ਉੱਤੇ ਰਖਦਾ ਹਾਂ ਤੇ ਜਾਣਦਾ ਹਾਂ ਕਿ ਬਹੁਤ ਸਾਰੀਆਂ ਮੁਸੀਬਤਾਂ ਨੇ ਉਹਨੂੰ ਘੇਰਿਆ ਹੋਇਆ ਹੈ। ਮੈਂ ਜਾਣਦਾ ਹਾਂ ਕਿ ਉਹ ਆਪਣੇ ਪਿਆਰੇ ਲੜਕੇ ਦੇ ਲਈ ਪ੍ਰਾਰਥਨਾ ਕਰਦੀ ਹੈ। ਮੈਂ ਉਸਦੇ ਪਿਤਾ ਨੂੰ ਜਾਣਦਾ ਹਾਂ, ਜਦ ਕਿ ਅਥਰੂ ਉਹਦੀਆਂ ਗਲਾਂ ਤੋਂ ਵਹਿ ਰਹੇ ਹਨ, ਅੱਜ ਰਾਤ, ਜੱਦ ਉਹਨੇ ਦਸਵੰਧ ਦਾ ਛੋਟਾ ਜਿਹਾ ਹਿੱਸਾ ਦਿੱਤਾ। ਤੇ ਇਸ ਸਵੇਰ, ਜਦੋਂ ਅਸੀਂ ਪ੍ਰਾਰਥਨਾ ਕੀਤੀ ਅਤੇ ਲੜਕੇ ਨੂੰ ਪ੍ਰਭੂ ਪਰਮੇਸ਼ੁਰ ਦੇ ਹੱਥਾਂ ਵਿੱਚ ਸੌਂਪਿਆ। ਇਹ ਮਾਤਾ ਅਤੇ ਪਿਤਾ ਬੱਚੇ ਨੂੰ ਪ੍ਰੇਮ ਕਰਦੇ ਹਨ। ਅਤੇ, ਪਰਮੇਸ਼ੁਰ, ਉਹ ਇੱਕ ਅਜਿਹੀ ਜਗ੍ਹਾ ਚਾਹੁੰਦੇ ਹਨ ਜਿਥੇ ਉਹ ਦਬਾਉ ਤੋਂ ਮੁਕਤ ਹੋ ਸਕਣ ਅਤੇ ਇਹ ਜਾਣ ਲੈਣ ਕਿ ਸਭ ਕੁਝ ਠੀਕ ਹੈ। ਪਿਤਾ, ਅਸੀਂ ਇਹ ਤੇਰੇ ਹੱਥਾਂ ਵਿਚ ਦੇ ਦਿੱਤਾ ਹੈ। ਤੂੰ ਇਹ ਬਖਸ ਦੇਵੇਂਗਾ। ਸਾਨੂੰ ਕੋਈ ਡਰ ਨਹੀਂ ਹੈ। ਉਸ ਨੂੰ ਇਸੇ ਘੜੀ ਭਰੋਸਾ ਦੇ, ਪਿਤਾ, ਯਿਸੂ ਮਸੀਹ ਦੇ ਨਾਮ ਵਿੱਚ ਪ੍ਰਾਰਥਨਾ ਕਰਦਾ ਹਾਂ।

138 ਅਤੇ ਪਿਤਾ, ਇਹ ਜਵਾਨ ਆਦਮੀ ਅਤੇ ਜਵਾਨ ਔਰਤ ਇੱਕਠੇ ਆਉਂਦੇ ਹਨ, ਇਸ ਲਈ ਮੈਂ ਆਪਣਾ ਹੱਥ ਇਹਨਾਂ ਉੱਤੇ ਰਖਦਾ ਹਾਂ। ਉਹ ਦਬਾਉ

ਤੋਂ ਮੁਕਤ ਹੋਣ ਦੇ ਲਈ ਇਥੇ ਆਏ ਹਨ । ਇੱਕ ਇਸ ਤਰ੍ਹਾਂ ਦਾ ਜਵਾਨ ਜੋੜਾ, ਖੂਬਸੂਰਤ ਜਵਾਨ ਜੋੜਾ, ਅਸੀਂ ਜਾਣਦੇ ਹਾਂ ਕਿ ਇਹ ਸ਼ਤਾਨ ਦੇ ਫੰਦੇ ਹਨ ਜੇਕਰ ਉਹ ਇਹਨਾਂ ਦਾ ਇਸਤੇਮਾਲ ਕਰ ਸਕੇ । ਪਰ ਉਹਨਾਂ ਨੂੰ ਬਲਦੀ ਹੋਈ ਲਕੜ ਵਾਂਗ ਅੱਗ ਵਿਚੋਂ ਬਾਹਰ ਖਿੱਚ ਲਿਆ ਗਿਆ ਹੈ । ਉਹ ਆਏ ਹਨ ਕਿਉਂਕਿ ਉਹ ਇੱਕ ਪਨਾਹ ਚਾਹੁੰਦੇ ਹਨ । ਉਹ ਇੱਕ ਅਜਿਹੇ ਥਾਂ ਉੱਤੇ ਆਉਣਾ ਚਾਹੁੰਦੇ ਹਨ ਜਿਥੇ ਉਹ ਦਬਾਉ ਤੋਂ ਮੁਕਤ ਹੋ ਸਕਣ, ਪਰਮੇਸ਼ੁਰ ਦੇ ਸਨਮੁਖ ਆਪਣੇ ਆਪ ਨੂੰ ਸ਼ਾਂਤ ਕਰ ਲੈਣ, ਅਤੇ ਇਹ ਜਾਣ ਲੈਣ ਕਿ ਉਹ ਪਰਮੇਸ਼ੁਰ ਹੈ । ਪਿਤਾ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੁਸੀਂ ਇਹਨਾਂ ਨੂੰ ਬਰਕਤ ਨਾਲ ਭਰਿਆ ਭਰੋਸਾ ਇਸੇ ਵੇਲੇ ਦਵੋਗੇ । ਕਾਸ਼ ਕਿ ਹਰੇਕ ਪਰਤ ਨਿਕਲ ਜਾਵੇ, ਇਸ ਵੇਲੇ ।

139 ਇਥੇ ਇਹ ਜਵਾਨ ਹੈ, ਪ੍ਰਭੂ, ਜੋ ਆਪਣੇ ਹੱਥ ਉਪਰ ਚੁੱਕ ਕੇ ਖੜਾ ਹੈ, ਉਹ ਜਿਹੜਾ ਅਖੀਰ ਤੇ ਹੈ । ਅਤੇ ਜਿਵੇਂ ਹੀ ਉਹ ਖੜਾ ਹੋਇਆ ਤੇ ਅੱਗੇ ਆਇਆ ਤਾਂ ਬਿਜਲੀ ਆ ਗਈ । ਇਹ ਉਹ ਨੰਬਰ ਸੀ ਜੋ ਤੁਸੀਂ ਚਾਹੁੰਦੇ ਸੀ, ਇਹ ਤੇਰੀ ਬੁਲਾਹਟ ਸੀ । “ਉਹ ਸਭ ਜੋ ਪਿਤਾ ਨੇ ਮੈਨੂੰ ਦਿੱਤੇ ਹਨ, ਉਹ ਆਉਣਗੇ” । ਸਾਨੂੰ ਇੱਕ ਹੀ ਚੀਜ ਕਰਨੀ ਹੈ ਕਿ ਵਚਨ ਨੂੰ ਫੜ੍ਹੀ ਰਖੀਏ ਅਤੇ ਉਹ ਜਿਨ੍ਹਾਂ ਨੂੰ ਪਿਤਾ ਨੇ ਜੀਵਨ ਦੇ ਲਈ ਠਹਿਰਾਇਆ ਹੈ ਉਹ ਆਉਣਗੇ । ਅਤੇ ਹੁਣ ਉਹ ਆਉਂਦਾ ਹੈ । ਉਹ ਓਸ ਦਰਾੜ ਨੂੰ ਲਭਣਾ ਚਾਹੁੰਦਾ ਹੈ, ਪ੍ਰਭੂ, ਤਾਂ ਕਿ ਉਹ ਬੈਠ ਸਕੇ ਤੇ ਥੋੜਾ ਚਿਰ ਅਰਾਮ ਕਰ ਸਕੇ । ਪਰਮੇਸ਼ੁਰ, ਮੈਂ ਪ੍ਰਾਰਥਨਾ ਕਰਦਾ ਹਾਂ ਕਿ ਤੂੰ ਹੁਣੇ ਹੀ ਉਸ ਦੀ ਅਗੁਵਾਈ ਦਰਾੜ ਦੀ ਵਲ੍ਹ ਨੂੰ ਕਰੇਂਗਾ ।

140 ਕਾਸ਼ ਕਿ ਹਰੇਕ ਬੰਧਨ ਟੁੱਟ ਜਾਵੇ । ਕਾਸ਼ ਕਿ ਹਰੇਕ ਚੀਜ, ਹਰੇਕ ਵਿਰੋਧ ਜੋ ਇਨ੍ਹਾਂ ਨੂੰ ਪਰੇਸ਼ਾਨ ਕਰਦਾ ਹੈ, ਹੁਣੇ ਇਨ੍ਹਾਂ ਕੋਲੋਂ ਦੂਰ ਹੋ ਜਾਵੇ, ਹੋ ਜਾਵੇ ਕਿ ਛੋਟੀਆਂ ਗਲਾਂ, ਥੋੜਾ ਜਿਹਾ ਗੁੱਸਾ, ਛੋਟਾ ਜਿਹਾ ਜੋ ਕੁਝ ਵੀ ਹੋਵੇ, ਉਹ ਛੋਟੀ ਜਿਹੀ ਚਿੰਤਾ, ਉਹ ਸ਼ੱਕ, ਉਹ ਛੋਟਾ ਜਿਹਾ ਪਾਪ । ਪ੍ਰਭੂ, ਉਹਨਾਂ ਦਾ ਭਰਾ ਹੋਣ ਦੇ ਨਾਤੇ ਅਤੇ ਤੇਰਾ ਦਾਸ ਹੋਣ ਦੇ ਨਾਤੇ ਮੈਂ ਉਹਨਾਂ ਦੇ ਲਈ ਵਿਚਕਾਰਲੇ ਮਨੁੱਖ ਦੀ ਤਰ੍ਹਾਂ ਜਿਉਂਦਿਆਂ ਅਤੇ ਮੁਰਦਿਆਂ ਦੇ ਵਿਚਕਾਰ ਖੜਾਂ ਹਾਂ । ਪਰਮੇਸ਼ੁਰ, ਮੈਂ ਉਨ੍ਹਾਂ ਦੇ ਪ੍ਰਾਣਾਂ ਦਾ ਦਾਵਾ ਕਰਦਾ ਹਾਂ । ਮੈਂ ਉਹਨਾਂ ਦੀ ਜਿੱਤ ਦਾ ਦਾਵਾ ਕਰਦਾ ਹਾਂ, ਵੇਦੀ ਦੀ ਪੁਕਾਰ ਦੀ ਆਗਿਆਕਾਰੀ ਵਿੱਚ । ਅਤੇ ਅਸੀਂ ਜਾਣਦੇ ਹਾਂ ਕਿ ਸ਼ਤਾਨ ਨੇ ਇਹਨੂੰ ਰੋਕਣ ਦੀ ਕੋਸ਼ਿਸ ਕੀਤੀ । ਪਰ ਅਸੀਂ ਉਨ੍ਹਾਂ ਦਾ ਦਾਵਾ ਕਰਦੇ ਹਾਂ, ਮੈਂ ਹੁਣ ਕਰਦਾ ਹਾਂ, ਤੇਰਾ ਦਾਸ ਹੋਣ ਦੇ ਨਾਤੇ । ਅਤੇ ਮੈਂ ਉਨ੍ਹਾਂ ਨੂੰ ਯਿਸੂ ਮਸੀਹ ਦੇ ਅਗੇ ਪੇਸ਼ ਕਰਦਾ ਹਾਂ, ਉਹਦੀ ਦਯਾ ਦੇ ਇਨਾਮ ਦੇ ਵਾਂਗ, ਪਵਿੱਤਰ ਆਤਮਾ ਦੀ ਹਜੂਰੀ ਦੇ ਇਨਾਮ ਦੇ ਵਾਂਗ, ਅੱਜ ਰਾਤ, ਜਿਹਨੇ ਉਹਨਾਂ ਨੂੰ ਮੁਸ਼ਕਿਲ ਹਾਲਾਤਾਂ ਦੇ ਵਿੱਚ ਬੁਲਾਇਆ ਅਤੇ ਉਹਨਾਂ ਨੂੰ ਚਟਾਨ ਦੇ

ਕੋਲ ਲੈ ਕੇ ਆਇਆ। ਹੋ ਜਾਵੇ ਕਿ ਉਹ ਹੁਣ ਦਬਾਉ ਤੋਂ ਬਾਹਰ ਆ ਜਾਣ ਅਤੇ ਜਾਣ ਲੈਣ ਕਿ ਯਿਸੂ ਮਸੀਹ ਨੇ ਕਿਹਾ ਸੀ, "ਕੋਈ ਮਨੁੱਖ ਨਹੀਂ ਆ ਸੱਕਦਾ ਜਦ ਤੱਕ ਮੈਂ ਉਹਨੂੰ ਨਾ ਬੁਲਾਵਾਂ। ਅਤੇ ਜੋ ਵੀ ਆਉਂਦਾ ਹੈ, ਮੈਂ ਉਹਨੂੰ ਅਨੰਤ ਜੀਵਨ ਦੇਵਾਂਗਾ ਅਤੇ ਅੰਤ ਦੇ ਦਿਨ ਉਹਨੂੰ ਜਿਉਂਦਾ ਉਠਾਵਾਂਗਾ"। ਪ੍ਰਭੂ ਇਹ ਹੋ ਗਿਆ। ਹੁਣ ਮੈਂ ਇਨ੍ਹਾਂ ਨੂੰ ਤੁਹਾਨੂੰ ਭੇਂਟ ਕਰਦਾ ਹਾਂ, ਯਿਸੂ ਮਸੀਹ ਦੇ ਨਾਮ ਵਿੱਚ। ਆਮੀਨ।

141 ਜਿਵੇਂ ਕਿ ਤੁਸੀਂ ਉਥੇ ਖੜੇ ਹੋ, ਪਰਮੇਸ਼ੁਰ ਤੁਹਾਨੂੰ ਬਰਕਤ ਦਵੇ। ਜਿਵੇਂ ਤੁਸੀਂ ਆਪਣੀਆਂ ਕੁਰਸੀਆਂ ਤੇ ਵਾਪਸ ਜਾਂਦੇ ਹੋ, ਜਾਓ ਅਤੇ ਜਾਣ ਲਓ ਕਿ ਹਰੇਕ ਚੀਜ ਜਿਹਦੀ ਤੁਸੀਂ ਇਛਾ ਕੀਤੀ ਅਤੇ ਹਰੇਕ ਪਾਪ ਜਿਹਨੇ ਤੁਹਾਨੂੰ ਘੇਰਿਆ ਹੋਇਆ ਸੀ ਤੇ ਹਰੇਕ ਚੀਜ ਜਿਹੜੀ ਗਲਤ ਸੀ, ਉਹ ਲਹੂ ਦੇ ਹੇਠ ਹੈ। ਇਹ ਖਤਮ ਹੋ ਗਈ ਹੈ। ਕੀ *ਤੁਸੀਂ* ਵਿਸ਼ਵਾਸ ਕਰਦੇ ਹੋ? ਕੀ *ਤੁਸੀਂ* ਵਿਸ਼ਵਾਸ ਕਰਦੇ ਹੋ? ਕੀ *ਤੁਸੀਂ* ਵਿਸ਼ਵਾਸ ਕਰਦੇ ਹੋ, ਭਾਈ? ਕੀ *ਤੁਸੀਂ* ਵਿਸ਼ਵਾਸ ਕਰਦੇ ਹੋ, ਭੈਣ? ਕੀ *ਤੁਸੀਂ* ਇਹ ਵਿਸ਼ਵਾਸ ਕਰਦੇ ਹੋ? ਤਾਂ, ਇਹ—ਇਹ *ਹੋਵੇਗਾ* ਨਹੀਂ, ਇਹ ਹੋ *ਗਿਆ* ਹੈ। ਇਹ ਠੀਕ ਹੈ। ਇਹ ਇੱਕ ਭੂਤਕਾਲ ਦਾ ਵਾਕ ਹੈ।

142 ਪਰਮੇਸ਼ੁਰ ਤੁਹਾਨੂੰ ਬਰਕਤ ਦਵੇ। ਜੀਵਨ ਵਿੱਚ ਸਭ ਤੋਂ ਚੰਗਾ ਅਤੇ ਅਨੰਤ ਜੀਵਨ, ਜੋ ਹੁਣ ਤੁਹਾਡੇ ਕੋਲ ਹੈ। ਤੁਸੀਂ ਪਾਪ ਤੋਂ ਉਪਰ ਚੜ ਗਏ ਹੋ। ਪਾਪ ਤੁਹਾਡੇ ਪੈਰਾਂ ਦੇ ਹੇਠ ਹੈ। ਮੇਰਾ ਇਹਦੇ ਨਾਲ ਕੀ ਭਲਾ ਹੋਵੇਗਾ ਕਿ ਮੈਂ ਇਥੇ ਖਲੋ ਕੇ ਤੁਹਾਨੂੰ ਕੁਝ ਗਲਤ ਦੱਸਾਂ? ਜੀਵਨ ਦੇ ਅੰਤ ਵਿੱਚ ਮੈਂ ਇੱਕ ਧੋਖੇਬਾਜ ਗਿਣਿਆ ਜਾਵਾਂਗਾ। ਸਮਝੇ? ਤੁਸੀਂ ਅਨੰਤ ਜੀਵਨ ਨੂੰ ਪਾ ਲਿਆ ਕਿਓਂਕਿ ਤੁਸੀਂ ਪ੍ਰਭੂ ਯਿਸੂ ਮਸੀਹ ਉੱਤੇ ਵਿਸ਼ਵਾਸ ਕੀਤਾ। ਹੁਣ ਹਰੇਕ ਪਾਪ ਅਤੇ ਹਰੇਕ ਬੰਧਨ ਨੂੰ ਇੱਕ ਪਾਸੇ ਰੱਖ ਦਿਓ, ਅਜਾਦ ਹੋ ਕੇ ਜਾਓ। ਦਬਾਉ ਨੂੰ ਨਿਕਲ ਲੈਣ ਦਿਓ। ਤੁਸੀਂ ਇੱਕ ਮਸੀਹ ਹੋ। ਤੁਸੀਂ ਪਾਪ ਤੋਂ ਉਪਰ ਉਠ ਗਏ ਹੋ। ਤੁਹਾਨੂੰ ਤੁਹਾਡੀ ਸਦੀਪਕ ਮੁਕਤੀ ਦਾ ਬਿਆਨਾ ਮਿਲ ਗਿਆ ਹੈ ਕਿਓਂਕਿ ਮਸੀਹ ਨੇ ਤੁਹਾਨੂੰ ਸਵੀਕਾਰ ਕਰ ਲਿਆ ਹੈ।

143 ਹੁਣ, ਕੀ ਉਹਨੇ ਨਹੀਂ ਕਿਹਾ, "ਕੋਈ ਮਨੁੱਖ ਮੇਰੇ ਕੋਲ ਨਹੀਂ ਆ ਸਕਦਾ ਜੱਦ ਤਕ ਮੇਰਾ ਪਿਤਾ ਹੀ ਉਸ ਨੂੰ ਨਾ ਖਿਚੇ। ਅਤੇ ਉਹ ਸਾਰੇ ਜੋ ਆਉਂਦੇ ਹਨ, ਮੈਂ ਉਹਨਾਂ ਨੂੰ ਅਨੰਤ ਜੀਵਨ ਦਵਾਂਗਾ ਅਤੇ ਅੰਤ ਦੇ ਦਿਨਾਂ ਵਿੱਚ ਉਹਨਾਂ ਨੂੰ ਜਿਉਂਦਾ ਉਠਾਵਾਂਗਾ"? [ਵੇਦੀ ਉੱਤੇ ਪੰਜ ਆਖਦੇ ਹਨ, "ਆਮੀਨ"।—ਸੰਪਾਦਕ] ਤਾਂ ਇਹ ਸਭ ਖਤਮ ਹੋ ਗਿਆ ਹੈ। ਆਮੀਨ। ਇਹ ਸਭ ਖਤਮ ਹੋ ਗਿਆ ਹੈ। ਹੁਣ ਪਰਮੇਸ਼ੁਰ ਤੁਹਾਨੂੰ ਬਰਕਤ ਦਵੇ, ਤੁਹਾਡੇ ਲਈ ਦਯਾਲੂ ਹੋਵੇ।

ਕੀ ਤੁਸੀਂ ਉਹਨੂੰ ਪ੍ਰੇਮ ਕਰਦੇ ਹੋ? [ਸਭਾ ਆਖਦੀ ਹੈ, "ਆਮੀਨ"—ਸੰਪਾਦਕ]

ਮੈਂ ਉਹਨੂੰ ਪ੍ਰੇਮ ਕਰਦਾ ਹਾਂ, ਮੈਂ ਉਹਨੂੰ ਪ੍ਰੇਮ ਕਰਦਾ ਹਾਂ
ਕਿਉਂਕਿ ਉਸ ਨੇ ਮੈਨੂੰ ਪਹਿਲਾਂ ਪ੍ਰੇਮ ਕੀਤਾ
ਅਤੇ ਮੇਰੀ ਮੁਕਤੀ ਨੂੰ ਖਰੀਦ ਲਿਆ
ਕਲਵਰੀ ਦੇ ਦਰਖੱਤ ਤੇ ।

144 ਕਿੰਨੇ ਇਹ ਮਹਿਸੂਸ ਕਰ ਰਹੇ ਹਨ ਕਿ ਸਾਰਾ ਦਬਾਉ ਚਲਾ ਗਿਆ ਹੈ? [ਸਭਾ ਆਖਦੀ ਹੈ, "ਆਮੀਨ"—ਸੰਪਾਦਕ]

ਮੈਂ ਆਪਣੇ ਪ੍ਰਾਣ ਦਾ ਲੰਗਰ ਸਵਰਗੀ ਆਰਾਮ ਵਿੱਚ ਪਾਇਆ ਹੈ,
ਮੈਂ ਹੁਣ ਤੁਫਾਨੀ ਸਮੁੰਦਰਾਂ ਦੀ ਯਾਤਰਾ ਨਹੀਂ ਕਰਾਂਗਾ;
ਤੁਫਾਨ ਗਹਿਰੇ ਸਮੁੰਦਰ ਦੇ ਉਪਰੋਂ ਜਾ ਸਕਦਾ ਹੈ
ਪਰ ਮੈਂ ਯਿਸੂ ਮਸੀਹ ਦੇ ਵਿੱਚ ਸਦਾ ਦੇ ਲਈ ਸੁਰੱਖਿਅਤ ਹਾਂ ।

145 ਜਿਵੇਂ ਚਾਰਲਸ ਵੈਸਲੀ ਦੀ ਕਹਾਣੀ, ਇੱਕ ਦਿਨ ਸਮੁੰਦਰ ਦੇ ਕਿਨਾਰੇ ਇਕਾਂਤ ਵਿੱਚ ਉਹਨੂੰ ਇੱਕ ਝੱਟਕਾ ਲਗਿਆ । ਉਹ ਅਧਿਐਨ ਕਰ ਰਿਹਾ ਸੀ । ਪਰਮੇਸ਼ੁਰ ਉਹਨੂੰ ਅਗੁਵਾਈ ਵਿੱਚ ਉਥੇ ਲੈ ਗਿਆ । ਉਹ ਅਧਿਐਨ ਕਰ ਰਿਹਾ ਸੀ । ਔਹ, ਪਰਮੇਸ਼ੁਰ ਉਹਦੇ ਉੱਤੇ ਇੱਕ ਗੀਤ ਦੇ ਲਈ ਮੰਡਰਾ ਰਿਹਾ ਸੀ । ਅਤੇ ਉਹਨੂੰ ਸ਼ੁਰੂ ਕਰਨ ਦੇ ਲਈ ਕੁਝ ਨਹੀਂ ਮਿਲਿਆ । ਉਹ ਕਿਸੇ ਚੀਜ ਉੱਤੇ ਸ਼ੁਰੂ ਕਰਦਾ, ਪ੍ਰੇਰਨਾ ਉਹਨੂੰ ਛੱਡ ਕੇ ਚਲੀ ਜਾਂਦੀ ਸੀ । ਇਸ ਲਈ ਉਹ ਸਮੁੰਦਰ ਦੇ ਕਿਨਾਰੇ ਟਹਿਲਣ ਦੇ ਲਈ ਚੱਲ ਪਿਆ, ਲਹਿਰਾਂ ਨੂੰ ਸੁਣਨ ਲਗਾ ਅਤੇ ਸੋਚਣ ਲਗਾ ਕਿ ਉਹਨੂੰ ਕੁਝ ਪ੍ਰੇਰਣਾ ਮਿਲ ਜਾਵੇ ਲਹਿਰਾਂ ਛੱਪ ਛੱਪ ਕਰ ਰਹੀਆਂ ਸਨ । ਅਚਾਨਕ, ਤੁਫਾਨ ਆ ਗਿਆ ।

ਕੁਝ ਵੀ ਐਵੇਂ ਹੀਂ ਨਹੀਂ ਹੁੰਦਾ । ਸਭ ਕੁਝ ਪਰਮੇਸ਼ੁਰ ਦੁਆਰਾ ਪਹਿਲਾਂ ਤੋਂ ਠਹਿਰਾਇਆ ਜਾਂਦਾ ਹੈ । ਕੋਈ ਫਰਕ ਨਹੀਂ ਪੈਂਦਾ ਕਿ ਕੀ ਵਾਪਰਦਾ ਹੈ, ਸਭ ਚੀਜਾਂ ਮਿਲ ਕੇ ਭਲਾਈ ਹੀ ਪੈਦਾ ਕਰਦੀਆਂ ਹਨ ।

146 ਅਤੇ ਉਹ ਆਪਣੇ ਇੱਕ ਛੋਟੇ ਜਿਹੇ ਕੈਬਿਨ ਵਲ੍ਹ ਵਧਣ ਲਗਾ । ਜਦ ਉਹ ਜਾਣ ਲਗਾ ਤਾਂ ਤੇਜ ਹਵਾ ਵਗਣ ਲਗੀ । ਉਹਨੇ ਸੋਚਿਆ, "ਔਹ, ਉਥੇ ਪਹੁੰਚਣ ਤੋਂ ਪਹਿਲਾਂ ਤਾਂ ਮੈਂ ਕਿਨਾਰੇ ਤੋਂ ਉੱਡ ਜਾਵਾਂਗਾ" । ਅਤੇ ਉਹਨੇ ਆਪਣਾ ਕੋਟ ਆਪਣੇ ਉੱਤੇ ਲੈ ਲਿਆ ਤੇ ਭੱਜਣਾ ਸ਼ੁਰੂ ਕਰ ਦਿੱਤਾ ਤਾਂ ਕੋਈ ਚੀਜ ਉੱਡ ਕੇ ਉਹਦੀ ਛਾਤੀ ਤੇ ਆ ਗਈ । ਉਹਨੇ ਵੇਖਿਆ ਅਤੇ ਇਹ ਇੱਕ ਛੋਟੀ ਚਿੜੀ

ਸੀ, ਜੋ ਪਨਾਹ ਲੈਣ ਦੇ ਲਈ ਆਈ ਸੀ । ਉਹਨੇ ਉਸ ਨੂੰ ਆਪਣੀ ਛਾਤੀ ਨਾਲ ਲਗਾ ਰਖਿਆ ਜੱਦ ਤੱਕ ਤੁਫਾਨ ਰੁੱਕ ਨਾ ਗਿਆ ਅਤੇ ਸੂਰਜ ਬਾਹਰ ਨਾ ਆ ਗਿਆ । ਉਹਨੇ ਚੋਟੀ ਚਿੜੀ ਨੂੰ ਆਪਣੀ ਉਂਗਲ ਤੇ ਬਿਠਾਇਆ ਤੇ ਉਹਨੂੰ ਉੱਡਣ ਦਿੱਤਾ । ਅਤੇ ਉਹ ਉੱਡ ਗਈ ਅਤੇ ਫੇਰ ਉਹਨੂੰ ਪ੍ਰੇਰਣਾ ਮਿਲੀ ।

ਯੁਗਾਂ ਦੀ ਚਟਾਨ, ਮੇਰੇ ਲਈ ਦਰਾੜ
ਮੈਨੂੰ ਆਪਣੇ ਆਪ ਨੂੰ ਤੇਰੇ ਵਿੱਚ ਲੁਕਾਣ ਦੇ ।

147 ਔਹ, ਮੈਨੂੰ ਇਹ ਪਸੰਦ ਹੈ! ਯੁਗਾਂ ਦੀ ਚਟਾਨ, ਉਹ ਚਟਾਨ ਉਜਾੜ ਦੇਸ਼ ਵਿੱਚ, ਤੁਫਾਨ ਦੇ ਸਮੇਂ ਇੱਕ ਪਨਾਹ । ਸਮਝੇ? ਉਹ ਚਟਾਨ ਇੱਕ ਉਜਾੜ ਦੇਸ਼ ਵਿੱਚ, ਤੂੰ ਮੈਨੂੰ ਲੁਕਾ ਲੈ । ਮੈਨੂੰ ਲੁਕਾ ਲੈ, ਹੇ ਯੁਗਾਂ ਦੀ ਚਟਾਨ, ਮੇਰੇ ਲਈ ਦਰਾੜ । ਗੀਤ ਲਿਖਣ ਵਾਲੇ ਦੀ ਇੱਕ ਮਹਾਨ ਪ੍ਰੇਰਣਾ ਅਤੇ ਉਹ ਗਲਾਂ ਜਿਨ੍ਹਾਂ ਦਾ ਅਸੀਂ ਅੱਜ ਅਨੰਦ ਮਾਣਦੇ ਹਾਂ!

ਤੁਸੀਂ ਕਹਿੰਦੇ ਹੋ, "ਕੀ ਉਹ ਗੀਤ ਪ੍ਰੇਰਣਾ ਦੁਆਰਾ ਸਨ?"

148 ਯਿਸੂ ਨੇ ਜੱਦ ਉਹ ਧਰਤੀ ਉੱਤੇ ਸੀ ਤਾਂ ਉਹਨਾਂ ਦਾ ਜਿਕਰ ਕੀਤਾ, ਕਿਹਾ, "ਕੀ ਭਜਨਾਂ ਵਿੱਚ ਇਹ ਨਹੀ ਲਿਹਿਆ ਹੋਇਆ, ਦਾਉਦ ਨੇ *ਫਲਾਣੀ ਫਲਾਣੀ* ਗਲ ਕਹੀ" । ਯਕੀਨਨ, ਉਹ ਪ੍ਰੇਰਣਾ ਦੁਆਰਾ ਸਨ । ਜਿਵੇਂ ਪਰਚਾਰ ਅਤੇ ਕੋਈ ਹੋਰ ਚੀਜ, ਇਹ ਪ੍ਰੇਰਣਾ ਦੁਆਰਾ ਹੈ ।

149 ਮੈਂ ਬਹੁਤ ਖੁਸ਼ ਹਾਂ ਕਿ ਮੇਰੇ ਕੋਲ ਪਨਾਹ ਹੈ । ਮੇਰੇ ਕੋਲ ਹੋਰ ਕੋਈ ਪਨਾਹ ਨਹੀਂ । ਹਾਂ ।

ਮੇਰੀ ਆਸ ਕਿਸੇ ਘੱਟ ਉੱਤੇ ਨਹੀਂ ਹੈ
ਯਿਸੂ ਮਸੀਹ ਦੇ ਲਹੂ ਅਤੇ ਉਹਦੀ ਧਾਰਮਿਕਤਾ ਨਾਲੋਂ
ਜਦੋਂ ਚਾਰੇ ਪਾਸਿਓਂ ਮੇਰਾ ਪ੍ਰਾਣ ਰਾਹ ਦਿੰਦਾ ਹੈ
ਤੱਦ ਉਹ ਮੇਰੀ ਉਮੀਦ ਅਤੇ ਮੇਰਾ ਠਿਕਾਣਾ ਹੈ ।
ਕਿਓਂਕਿ ਮੈਂ ਮਸੀਹ, ਠੋਸ ਚਟਾਨ, ਦੇ ਉੱਤੇ ਖੜਾ ਹਾਂ,
ਬਾਕੀ ਸਾਰੀ ਧਰਤੀ ਡੋਬਣ ਵਾਲੀ ਰੇਤ ਹੈ, ਭਾਵੇਂ ਇਹ
ਕੁਝ ਵੀ ਹੋਵੇ।

150 ਪਰਮੇਸ਼ੁਰ ਤੁਹਾਨੂੰ ਬਰਕਤ ਦਵੇ । ਹੁਣ ਤੁਹਾਡੇ ਪਾਸਟਰ, ਭਾਈ ਰੁੱਡਲ । ਮਾਫ਼ ਕਰਨਾ, ਸ਼ਤਾਨ ਨੇ ਬੱਤੀਆਂ ਬੁਝਾ ਦਿੱਤੀਆਂ ਪਰ ਜਿੱਤ ਪਰਮੇਸ਼ੁਰ ਦੀ ਹੋਈ । ਆਮੀਨ ।

**ਦਬਾਉ ਤੋਂ ਮੁਕਤ ਹੋਣਾ** PUN62-0513E

(Letting Off The Pressure)

ਇਹ ਸੰਦੇਸ਼ ਭਾਈ ਵਿਲੀਅਮ ਮੇਰੀਅਨ ਬ੍ਰਾਨਹਾਮ ਦੁਆਰਾ ਅੰਗਰੇਜੀ ਭਾਸ਼ਾ ਵਿੱਚ ਐਤਵਾਰ ਸ਼ਾਮ, 13 ਮਈ, 1962 ਨੂੰ ਗੋਸਪਲ ਟੇਬਰਨੇਕਲ, ਜੈਫਰਸਨਵਿਲ, ਇੰਡਿਆਨਾ, ਸੰਯੁਕਤ ਰਾਜ ਅਮਰੀਕਾ ਵਿੱਚ ਪ੍ਰਚਾਰ ਕੀਤਾ ਗਿਆ ਅਤੇ ਇਹ ਚੁੰਬਕੀ ਟੇਪ ਰਿਕਾਰਡਿੰਗ ਤੋਂ ਲਿਆ ਗਿਆ ਹੈ ਅਤੇ ਅੰਗਰੇਜ਼ੀ ਵਿੱਚ ਬਿਨਾਂ ਕੁਝ ਘਟਾਏ ਵਧਾਏ ਛਾਪਿਆ ਗਿਆ ਹੈ । ਇਹ ਪੰਜਾਬੀ ਅਨੁਵਾਦ ਵਾਇਸ ਆਫ ਗੋਡ ਰਿਕਾਰਡਿੰਗਸ ਵਲੋਂ ਛਾਪਿਆ ਅਤੇ ਵੰਡਿਆ ਗਿਆ ਹੈ ।

PUNJABI

©2017 VGR, ALL RIGHTS RESERVED

VOICE OF GOD RECORDINGS, INDIA OFFICE
19 (NEW NO: 28) SHENOY ROAD, NUNGAMBAKKAM
CHENNAI 600 034, INDIA
044 28274560 • 044 28251791
india@vgroffice.org

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org

# ਕਾਪੀਰਾਈਟ ਨੋਟਸਿ

ਸਾਰੇ ਹੱਕ ਰਾਖਵੇਂ ਹਨ । ਇਹ ਕਤਿਾਬ ਨਜਿੀ ਵਰਤੋਂ ਜਾਂ ਯਸ਼ੂ ਮਸੀਹ ਦੇ ਸੁਭਸਮਚਾਰ ਦੇ ਪ੍ਰਸਾਰ ਵਾਸਤੇ ਮੁਫ਼ਤ ਵੰਡਣ ਲਈ, ਘਰੇਲੂ ਪ੍ਰਟਿਰ ਤੇ ਛਾਪੀ ਜਾ ਸਕਦੀ ਹੈ । ਇਹ ਕਤਿਾਬ ਵੋਇਸ ਆਫ ਗੋਡ ਰਕਿਾਰਡਗਿਜ® ਵਲੋਂ ਲਖਿਤੀ ਇਜ਼ਾਜ਼ਤ ਦੇ ਬਨਿਾ ਵੇਚੀ, ਵੱਡੇ ਪੈਮਾਨੇ ਤੇ ਦੁਬਾਰਾ ਛਾਪੀ, ਕਸਿੇ ਵੈਬਸਾਈਟ ਤੇ ਪੋਸਟ, ਕਸਿੇ ਰੀਟਰੀਵਲ ਸਸਿਟਮ ਤੇ ਸਟੋਰ, ਕਸਿੇ ਹੋਰ ਭਾਸ਼ਾ ਵਚਿ ਅਨੁਵਾਦ, ਜਾਂ ਪੈਸੇ ਦੀ ਮੰਗ ਲਈ ਨਹੀਂ ਵਰਤੀ ਜਾ ਸਕਦੀ ਹੈ । ਵਧੇਰੇ ਜਾਣਕਾਰੀ ਜਾਂ ਹੋਰ ਉਪਲੱਬਧ ਸਮਗਰੀ ਦੇ ਲਈ, ਕਰਿਪਾ ਕਰੇ ਸੰਪਰਕ ਕਰੋ:

VOICE OF GOD RECORDINGS
P.O. BOX 950, JEFFERSONVILLE, INDIANA 47131 U.S.A.
www.branham.org